Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 74 | 24/07/2025 | www.samajweekly.com | samajweekly | @samajweekly | samajweekly

# ਸੰਸਦ ਵਿੱਚ ਮੁੜ ਹੰਗਾਮਾ, ਲੋਕ ਸਭਾ ਅਤੇ ਰਾਜ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ

**ਨਵੀਂ ਦਿੱਲੀ।** ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ(ਸ਼ੀਜ਼), ਪਹਿਲਗਾਮ ਦਹਿਸ਼ਤੀ ਹਮਲੇ ਤੇ ਹੋਰਨਾਂ ਮੁੱਦਿਆਂ ਤੇ ਚਰਚਾ ਦੀ ਮੰਗ ਨੂੰ ਲੈ ਕੇ ਮੌਨਸੂਨ ਇਜਲਾਸ ਦੇ ਤੀਜੇ ਦਿਨ ਅੱਜ ਮੁੜ ਵਿਰੋਧੀ ਧਿਰਾਂ ਦੇ ਹੰਗਾਮੇ ਕਾਰਨ ਰਾਜ ਸਭਾ ਅਤੇ ਲੋਕ ਸਭਾ ਦੀ ਕਾਰਵਾਈ ਪਹਿਲਾਂ ਦੁਪਹਿਰ 12 ਵਜੇ ਤੱਕ, ਫਿਰ ਦੁਪਹਿਰ 2 ਵਜੇ ਤੱਕ ਅਤੇ ਮਗਰੋਂ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ ਗਈ। ਦੋਵੇਂ ਸਦਨ ਦੁਪਹਿਰ 2 ਵਜੇ ਮੁੜ ਜੁੜੇ ਤਾਂ ਬਿਹਾਰ ਵੋਟਰ ਸੂਚੀਆਂ ਦੀ ਸੋਧ ਸਮੇਤ ਵੱਖ-ਵੱਖ ਮੁੱਦਿਆਂ ਤੇ ਵਿਰੋਧੀ ਧਿਰ ਵੱਲੋਂ ਵਾਰ-ਵਾਰ ਹੰਗਾਮੇ ਵਿਚਕਾਰ ਦੋਵਾਂ ਸਦਨ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ। ਵਿਰੋਧੀ ਧਿਰਾਂ ਉਪਰੋਕਤ ਮੁੱਦਿਆਂ ਤੇ ਚਰਚਾ ਦੀ ਮੰਗ ਨੂੰ ਲੈ ਕੇ ਬਜ਼ਿੱਦ ਰਹੀਆਂ ਤੇ ਉਨ੍ਹਾਂ ਨਾਅਰੇਬਾਜ਼ੀ ਕਰਦਿਆਂ ਜ਼ੋਰਦਾਰ ਵਿਰੋਧ ਦਰਜ ਕਰਵਾਇਆ। ਰਾਜ ਸਭਾ ਵਿੱਚ ਸਿਫ਼ਰ ਕਾਲ ਨਹੀਂ ਹੋ ਸਕਿਆ ਜਦੋਂ ਕਿ ਲੋਕ ਸਭਾ ਵਿੱਚ ਸੰਸਦ ਮੈਂਬਰ ਤਖ਼ਤੀਆਂ ਲੈ ਕੇ ਨਾਅਰੇਬਾਜ਼ੀ ਕਰਦੇ ਦੇਖੇ ਗਏ। ਦੋਵਾਂ ਸਦਨਾਂ ਵਿੱਚ ਕ੍ਰਮਵਾਰ ਡਿਪਟੀ ਚੇਅਰਮੈਨ ਹਰੀਵੰਸ਼ ਅਤੇ ਸਪੀਕਰ ਓਮ ਬਿਰਲਾ ਨੇ ਮੈਂਬਰਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ, ਪਰ ਹੰਗਾਮਾ ਜਾਰੀ ਰਹਿਣ ਕਾਰਨ ਕਾਰਵਾਈ ਮੁਲਤਵੀ ਕਰਨੀ ਪਈ। ਸੱਤਾਧਿਰ ਤੇ ਵਿਰੋਧੀ ਧਿਰਾਂ ਵਿਚ ਬਣੇ ਜਮੂਦ ਕਰਕੇ ਮੌਨਸੂਨ ਸੈਸ਼ਨ ਵਿਚ ਲਗਾਤਾਰ ਅੜਿੱਕਾ ਪੈ ਰਿਹਾ ਹੈ। ਬਿਹਾਰ ਵੋਟਰ ਸੂਚੀਆਂ ਦੀ ਸੋਧ ਸਮੇਤ ਵੱਖ-ਵੱਖ ਮੁੱਦਿਆਂ ਤੇ ਵਿਰੋਧੀ ਧਿਰ ਵੱਲੋਂ ਵਾਰ-ਵਾਰ ਹੰਗਾਮੇ ਦੇ ਵਿਚਕਾਰ ਲੋਕ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ।



ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਅੱਜ ਲੋਕ ਸਭਾ ਵਿੱਚ ਰੌਲੇ ਰੱਪੇ ਦਰਮਿਆਨ ਇੱਕ ਬਿੱਲ ਪੇਸ਼ ਕੀਤਾ ਜੋ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਸਮੇਤ ਕੌਮੀ ਖੇਡ ਸੰਸਥਾਵਾਂ ਦੇ ਕੰਮਕਾਜ ਵਿੱਚ ਵਧੇਰੇ ਪਾਰਦਰਸ਼ਤਾ ਲਿਆਉਣ ਦੇ ਨਾਲ ਇਨ੍ਹਾਂ ਖੇਡ ਸੰਸਥਾਵਾਂ ਨੂੰ ਇੱਕ ਰੈਗੂਲੇਟਰੀ ਬੋਰਡ ਪ੍ਰਤੀ ਵਧੇਰੇ ਜਵਾਬਦੇਹ ਬਣਾਏਗਾ। ਕੌਮੀ ਖੇਡ ਪ੍ਰਸ਼ਾਸਨ ਬਿੱਲ ਵਿੱਚ ਰਾਸ਼ਟਰੀ ਓਲੰਪਿਕ ਕਮੇਟੀ, ਰਾਸ਼ਟਰੀ ਪੈਰਾਲੰਪਿਕ ਕਮੇਟੀ, ਰਾਸ਼ਟਰੀ ਖੇਡ ਸੰਘ ਅਤੇ ਖੇਤਰੀ ਖੇਡ ਸੰਘ ਵਰਗੀਆਂ ਰਾਸ਼ਟਰੀ ਖੇਡ ਸੰਚਾਲਨ ਸੰਸਥਾਵਾਂ ਦੀ ਸਥਾਪਨਾ ਲਈ ਉਪਬੰਧ ਹਨ, ਜੋ ਕਿ ਸਬੰਧਤ ਮਾਨਤਾ ਪ੍ਰਾਪਤ ਖੇਡ ਸੰਗਠਨਾਂ ਲਈ ਹਨ। ਇਹ ਬਿੱਲ ਖੇਡਾਂ ਦੇ ਵਿਕਾਸ ਅਤੇ ਪ੍ਰੋਤਸਾਹਨ, ਖਿਡਾਰੀਆਂ ਲਈ ਭਲਾਈ ਉਪਾਅ, ਚੰਗੇ ਸ਼ਾਸਨ, ਨੈਤਿਕਤਾ ਅਤੇ ਨਿਰਪੱਖ ਖੇਡ ਦੇ ਬੁਨਿਆਦੀ ਵਿਸ਼ਵਵਿਆਪੀ ਸਿਧਾਂਤਾਂ ਤੇ ਅਧਾਰਤ ਨੈਤਿਕ ਅਭਿਆਸਾਂ ਦੀ ਵਿਵਸਥਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਉਨ੍ਹਾਂ ਦੇ ਸੰਸਦ ਭਵਨ ਵਿਚਲੇ ਦਫ਼ਤਰ ਵਿੱਚ ਮੁਲਾਕਾਤ ਕੀਤੀ। ਇਹ ਮੁਲਾਕਾਤ ਸੋਮਵਾਰ ਨੂੰ ਜਗਦੀਪ ਧਨਖੜ ਵੱਲੋਂ ਸਿਹਤ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਉਪ-ਰਾਸ਼ਟਰਪਤੀ ਦੇ ਅਹੁਦੇ ਤੋਂ ਅਚਾਨਕ ਅਸਤੀਫਾ ਦੇਣ ਅਤੇ ਵੱਖ-ਵੱਖ ਮੁੱਦਿਆਂ ਤੇ ਵਿਰੋਧੀ ਧਿਰਾਂ ਦੇ ਪ੍ਰਦਰਸ਼ਨਾਂ ਦੌਰਾਨ ਲੋਕ ਸਭਾ ਅਤੇ ਰਾਜ ਸਭਾ ਦੀ ਕਾਰਵਾਈ ਵਿੱਚ ਲਗਾਤਾਰ ਵਿਘਨ ਪਾਉਣ ਦੇ ਪਿਛੋਕੜ ਵਿੱਚ ਹੋਈ ਹੈ। ਮੋਦੀ ਅੱਜ ਬਾਅਦ ਵਿੱਚ ਮਾਲਦੀਵ ਅਤੇ ਯੂਨਾਈਟਿਡ ਕਿੰਗਡਮ ਦੇ ਦੌਰੇ ਲਈ ਰਵਾਨਾ ਹੋਣਗੇ।

# ਅੰਮ੍ਰਿਤਸਰ ਪੁਲਿਸ ਨੇ ਚਾਰ ਹਥਿਆਰ ਤਸਕਰ ਕੀਤੇ ਕਾਬੂ, ਮੁਲਜ਼ਮਾਂ ਕੋਲੋਂ 8 ਪਿਸਤੌਲ ਮੈਗਜ਼ੀਨਾਂ ਸਮੇਤ ਬਰਾਮਦ

**ਅੰਮ੍ਰਿਤਸਰ।** ਅੰਮ੍ਰਿਤਸਰ ਪੁਲਿਸ ਅਤੇ ਬੀਐਸਐਫ਼ ਨੇ ਸਰਹੱਦ ਪਾਰੋਂ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਪੁਲਿਸ ਨੇ ਚਾਰ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਤੋਂ 8 ਪਿਸਤੌਲ (5 .30 ਕੈਲੀਬਰ ਅਤੇ 3 9 ਐਮਐਮ ਕੈਲੀਬਰ) ਅਤੇ ਮੈਗਜ਼ੀਨ ਜ਼ਬਤ ਕੀਤੇ ਗਏ ਹਨ। ਡੀਜੀਪੀ ਪੰਜਾਬ ਗੌਰਵ ਯਾਦਵ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਇੱਕ ਪੋਸਟ ਪਾ ਕੇ ਇਸ ਸਬੰਧ ਵਿੱਚ ਜਾਣਕਾਰੀ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਨੁਸਾਰ, ਸਾਰੇ ਦੋਸ਼ੀ ਅੰਮ੍ਰਿਤਸਰ ਅਤੇ ਤਰਨ-ਤਾਰਨ ਖੇਤਰਾਂ ਦੇ ਵਸਨੀਕ ਹਨ। ਇਨ੍ਹਾਂ ਵਿੱਚ ਲਖਵਿੰਦਰ ਸਿੰਘ ਅਤੇ ਹਰਪ੍ਰੀਤ ਸਿੰਘ ਵਾਸੀ ਡਾਂਡੇ, ਅੰਮ੍ਰਿਤਸਰ ਅਤੇ ਆਕਾਸ਼ਦੀਪ ਸਿੰਘ ਅਤੇ ਗੁਰਪ੍ਰੀਤ ਸਿੰਘ ਵਾਸੀ ਕਸੇਲ, ਤਰਨਤਾਰਨ ਸ਼ਾਮਲ ਹਨ। ਪੁਲਿਸ ਨੇ ਡਰੋਨਾਂ ਰਾਹੀਂ ਸਰਹੱਦ ਪਾਰ ਤੋਂ ਆ ਰਹੀ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ ਇਕ ਪੂਰੀ ਰਣਨੀਤੀ ਤਿਆਰ ਕੀਤੀ ਹੈ। ਪੰਜਾਬ ਸਰਕਾਰ ਵੱਲੋਂ



ਜਲਦੀ ਹੀ ਐਂਟੀ-ਡਰੋਨ ਤਕਨਾਲੋਜੀ ਖ਼ਰੀਦੀ ਜਾਵੇਗੀ। ਇਸ ਲਈ ਕੰਪਨੀਆਂ ਨਾਲ ਟ੍ਰਾਇਲ ਕੀਤੇ ਗਏ ਹਨ। ਮੰਨਿਆ ਜਾ ਰਿਹਾ ਹੈ ਕਿ ਇਹ ਸਿਸਟਮ ਅਕਤੂਬਰ ਤੱਕ ਪੰਜਾਬ ਪੁਲਿਸ ਤੱਕ ਪਹੁੰਚ ਜਾਵੇਗਾ। ਇਸ ਤੋਂ ਬਾਅਦ ਪਾਕਿਸਤਾਨ ਤੋਂ ਆਉਣ ਵਾਲੀ ਖੇਪ ਨੂੰ ਆਸਾਨੀ ਨਾਲ ਰੋਕਿਆ ਜਾ ਸਕਦਾ ਹੈ। ਦੂਜੇ ਪਾਸੇ, ਸਰਕਾਰ ਨਸ਼ਿਆਂ ਵਿਰੁੱਧ ਜੰਗੀ ਮੁਹਿੰਮ ਚਲਾ ਰਹੀ ਹੈ। ਇਸ ਵਿੱਚ, ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਲੋਕਾਂ ਨੂੰ ਕਾਨੂੰਨੀ ਪ੍ਰਕਿਰਿਆ ਤਹਿਤ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ।

# ਪ੍ਰੋ. ਅਸ਼ੀਮ ਕੁਮਾਰ ਘੋਸ਼ ਨੇ ਹਰਿਆਣਾ ਦੇ ਰਾਜਪਾਲ ਵਜੋਂ ਸਹੁੰ ਚੁੱਕੀ

**ਨਵੀਂ ਦਿੱਲੀ।** ਹਰਿਆਣਾ ਦੇ ਨਵੇਂ ਨਿਯੁਕਤ ਰਾਜਪਾਲ ਪ੍ਰੋ. ਅਸ਼ੀਮ ਕੁਮਾਰ ਘੋਸ਼ ਨੇ ਰਾਜ ਦੇ 19ਵੇਂ ਰਾਜਪਾਲ ਵਜੋਂ ਸਹੁੰ ਚੁੱਕੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ, ਜਸਟਿਸ ਸ਼ੀਲ ਨਾਗੂ ਨੇ ਹਰਿਆਣਾ ਰਾਜ ਭਵਨ ਵਿਖੇ ਆਯੋਜਿਤ ਇੱਕ ਸਮਾਰੋਹ ਵਿੱਚ ਪ੍ਰੋ. ਅਸ਼ੀਮ ਕੁਮਾਰ ਘੋਸ਼ ਨੂੰ ਅਹੁਦੇ ਅਤੇ ਵਫ਼ਾਦਾਰੀ ਦੀ ਸਹੁੰ ਚੁਕਾਈ।ਰਾਜਪਾਲ ਪ੍ਰੋ. ਅਸ਼ੀਮ ਕੁਮਾਰ ਘੋਸ਼ ਇੱਕ ਪ੍ਰਸਿੱਧ ਸਿੱਖਿਆ ਸ਼ਾਸਤਰੀ ਅਤੇ ਤਜ਼ਰਬੇਕਾਰ ਸਿਆਸਤਦਾਨ, ਲਗਭਗ ਚਾਰ ਦਹਾਕਿਆਂ ਤੋਂ ਕੋਲਕਾਤਾ ਦੇ ਇੱਕ ਨਾਮਵਰ ਕਾਲਜ ਵਿੱਚ ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਰਹੇ ਹਨ। ਉਨ੍ਹਾਂ ਨੇ ਯੂਜੀਸੀ ਅਤੇ ਆਈਸੀਐੱਸਐੱਸਆਰ ਪ੍ਰੋਜੈਕਟਾਂ ‘ਤੇ ਵੀ ਕੰਮ ਕੀਤਾ ਹੈ, ਅਕਾਦਮਿਕ ਖੋਜ ਅਤੇ ਰਾਜਨੀਤਿਕ ਭਾਸ਼ਣ ਵਿੱਚ ਸਰਗਰਮੀ ਨਾਲ ਯੋਗਦਾਨ ਪਾਇਆ ਹੈ ਅਤੇ ਪ੍ਰਮੁੱਖ ਪ੍ਰਕਾਸ਼ਨਾਂ ਵਿੱਚ ਕਈ ਲੇਖ



ਪ੍ਰਕਾਸ਼ਿਤ ਕੀਤੇ ਹਨ। ਸਹੁੰ ਚੁੱਕ ਸਮਾਰੋਹ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਮੌਜੂਦਗੀ ਨਾਲ ਮਨਾਇਆ ਗਿਆ। ਇਨ੍ਹਾਂ ਤੋਂ ਇਲਾਵਾ, ਰਾਜਪਾਲ ਦੀ ਪਤਨੀਮਿੱਤਰਾ ਘੋਸ਼, ਮੁੱਖ ਮੰਤਰੀ ਦੀ ਪਤਨੀ ਸੁਮਨ ਸੈਣੀ ਅਤੇ ਰਾਜਪਾਲ ਦੇ ਪਰਿਵਾਰ ਦੇ ਮੈਂਬਰ ਵੀ ਮੌਜੂਦ ਸਨ।

ਇਸ ਮੌਕੇ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਹਰਵਿੰਦਰ ਕਲਿਆਣ, ਕੈਬਨਿਟ ਮੰਤਰੀ ਕ੍ਰਿਸ਼ਨ ਲਾਲ ਪੰਵਾਰ, ਮਹੀਪਾਲ ਢਾਂਡਾ, ਡਾ. ਅਰਵਿੰਦ ਸ਼ਰਮਾ, ਸ਼ਿਆਮ ਸਿੰਘ ਰਾਣਾ, ਰਣਬੀਰ ਗੰਗਵਾ, ਕ੍ਰਿਸ਼ਨ ਕੁਮਾਰ ਬੇਦੀ, ਸ਼ਰੂਤੀ ਚੌਧਰੀ, ਰਾਜ ਮੰਤਰੀ ਰਾਜੇਸ਼ ਨਾਗਰ ਅਤੇ ਮੁੱਖ ਸਕੱਤਰ ਗੌਰਵ ਗੌਵਰਨ ਗੋਰਵਤ ਗੋਰਵਤ ਸਕੱਤਰ ਵੀ ਸ਼ਾਮਲ ਸਨ। ਸਮਾਗਮ ਵਿੱਚ ਅਤੁਲ ਦਿਵੇਦੀ, ਵਿਧਾਇਕ, ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਅਤੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

# 3 ਜੰਗਾਂ ਵਿੱਚ ਸੇਵਾ ਨਿਭਾਉਣ ਵਾਲਾ ਮਿਗ-21 ਲੜਾਕੂ ਜਹਾਜ਼ 19 ਸਤੰਬਰ ਨੂੰ ਹੋਵੇਗਾ ਸੇਵਾਮੁਕਤ

ਨਵੀਂ ਦਿੱਲੀ, 22 ਜੁਲਾਈ (ਪੋਸਟ ਬਿਊਰੋ): ਭਾਰਤੀ ਹਵਾਈ ਫੌਜ ਵਿੱਚ 62 ਸਾਲ ਸੇਵਾ ਨਿਭਾਉਣ ਤੋਂ ਬਾਅਦ, ਮਿਗ-21 ਲੜਾਕੂ ਜਹਾਜ਼ 19 ਸਤੰਬਰ ਨੂੰ ਸੇਵਾਮੁਕਤ ਹੋਵੇਗਾ। ਚੰਡੀਗੜ੍ਹ ਏਅਰਬੇਸ 'ਤੇ ਲੜਾਕੂ ਜਹਾਜ਼ ਲਈ ਵਿਦਾਇਗੀ ਪ੍ਰੋਗਰਾਮ ਹੋਵੇਗਾ। ਇਸ ਤੋਂ ਬਾਅਦ, ਜਹਾਜ਼ਾਂ ਦੀਆਂ ਸੇਵਾਵਾਂ ਅਧਿਕਾਰਤ ਤੌਰ 'ਤੇ ਖਤਮ ਹੋ ਜਾਣਗੀਆਂ। ਮਿਗ-21 ਜੈੱਟ ਨੂੰ ਪਹਿਲੀ ਵਾਰ 1963 ਵਿੱਚ ਭਾਰਤੀ ਹਵਾਈ ਸੈਨਾ ਵਿੱਚ ਸ਼ਾਮਿਲ ਕੀਤਾ ਗਿਆ ਸੀ। ਇਹ ਭਾਰਤ ਦਾ ਪਹਿਲਾ ਸੁਪਰਸੋਨਿਕ ਜੈੱਟ ਸੀ, ਮਤਲਬ ਕਿ ਇਹ ਆਵਾਜ਼ ਦੀ ਗਤੀ (332 ਮੀਟਰ ਪ੍ਰਤੀ ਸਕਿੰਟ) ਤੋਂ ਵੀ ਤੇਜ਼ ਉੱਡ ਸਕਦਾ ਸੀ। ਲੜਾਕੂ ਜਹਾਜ਼ਾਂ ਦੇ ਆਖਰੀ 2 ਸਕੁਐਡਰਨ (36 ਮਿਗ 21) ਰਾਜਸਥਾਨ ਦੇ ਬੀਕਾਨੇਰ ਦੇ ਨਲ ਏਅਰਬੇਸ 'ਤੇ ਤਾਇਨਾਤ ਹਨ। ਉਨ੍ਹਾਂ ਨੂੰ ਨੰਬਰ 3 ਸਕੁਐਡਰਨ ਕੋਬਰਾ ਅਤੇ ਨੰਬਰ 23 ਸਕੁਐਡਰਨ ਪੈਂਥਰ ਵਜੋਂ ਜਾਣਿਆ ਜਾਂਦਾ ਹੈ।



ਮਿਗ-21 ਜੈੱਟ ਨੇ 1965 ਦੀ ਭਾਰਤ-ਪਾਕਿ ਜੰਗ, 1971 ਦੀ ਬੰਗਲਾਦੇਸ਼ ਮੁਕਤੀ ਜੰਗ, 1999 ਦੀ ਕਾਰਗਿਲ ਜੰਗ ਅਤੇ 2019 ਦੀ ਬਾਲਾਕੋਟ ਹਵਾਈ ਹਮਲੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਹੁਣ ਤੇਜਸ ਐਮਕੇ1ਏ ਲੜਾਕੂ ਜਹਾਜ਼ ਇਸਦੀ ਥਾਂ ਲੈਣਗੇ। ਰੱਖਿਆ ਮੰਤਰਾਲੇ ਦੇ ਅੰਕੜਿਆਂ ਅਨੁਸਾਰ, 400 ਤੋਂ ਵੱਧ ਮਿਗ-21 ਜਹਾਜ਼ ਕਰੈਸ਼ ਹੋ ਗਏ ਹਨ। ਇਸ ਵਿੱਚ 200 ਤੋਂ ਵੱਧ ਪਾਇਲਟ ਮਾਰੇ ਗਏ ਹਨ। ਇਸੇ ਕਰਕੇ ਇਸ ਲੜਾਕੂ ਜਹਾਜ਼ ਨੂੰ 'ਉਡਦਾ ਤਾਬੂਤ' ਅਤੇ 'ਵਿਡੋ ਮੇਕਰ' ਕਿਹਾ ਜਾਂਦਾ ਹੈ। ਭਾਰਤ ਨੇ ਕੁੱਲ 850 ਤੋਂ ਵੱਧ ਮਿਗ-21 ਲੜਾਕੂ ਜਹਾਜ਼ ਖਰੀਦੇ ਸਨ। ਇਨ੍ਹਾਂ ਵਿੱਚੋਂ ਲਗਭਗ 660 ਦੇਸ਼ ਵਿੱਚ ਹਿੰਦੁਸਤਾਨ ਏਅਰੋਨਾਟਿਕਸ ਲਿਮਟਿਡ ਦੁਆਰਾ ਬਣਾਏ ਗਏ ਸਨ। ਰਿਪੋਰਟਾਂ ਅਨੁਸਾਰ, ਇਸ ਸਮੇਂ ਭਾਰਤੀ ਹਵਾਈ ਸੈਨਾ ਦੇ ਬੇੜੇ ਵਿੱਚ ਸਿਰਫ਼ 36 ਮਿਗ-21 ਲੜਾਕੂ ਜਹਾਜ਼ ਬਚੇ ਹਨ। ਇਸਨੇ ਕਈ ਦਹਾਕਿਆਂ ਤੱਕ ਸ਼ਾਨਦਾਰ ਸੇਵਾ ਦਿੱਤੀ।

# ਸੁਪਰੀਮ ਕੋਰਟ ਵਲੋਂ ਮਾਰਨ ਦਾ 1300 ਕਰੋੜ ਰੁਪਏ ਦਾ ਦਾਅਵਾ ਖਾਰਜ

## ਸਪਾਈਸ ਜੈੱਟ ਵਿਰੁਧ ਕੇ.ਏ.ਐਲ. ਏਅਰਵੇਜ਼ ਤੇ ਕਲਾਨਿਧੀ ਮਾਰਨ ਦੀ ਪਟੀਸ਼ਨ ਰੱਦ ਕੀਤੀ

**ਨਵੀਂ ਦਿਲੀ।**: ਸੁਪਰੀਮ ਕੋਰਟ ਨੇ ਲੰਮੇ ਸਮੇਂ ਤੋਂ ਚੱਲ ਰਹੇ ਸ਼ੇਅਰ ਟਰਾਂਸਫਰ ਵਿਵਾਦ ’ਚ ਸਪਾਈਸ ਜੈੱਟ ਤੋਂ 1,300 ਕਰੋੜ ਰੁਪਏ ਤੋਂ ਵੱਧ ਦੇ ਮੁਆਵਜ਼ੇ ਦੀ ਮੰਗ ਕਰਨ ਵਾਲੀ ਕੇ.ਏ.ਐਲ. ਏਅਰਵੇਜ਼ ਅਤੇ ਕਲਾਨਿਧੀ ਮਾਰਨ ਦੀ ਪਟੀਸ਼ਨ ਬੁਧਵਾਰ ਨੂੰ ਖਾਰਜ ਕਰ ਦਿਤੀ। ਜਸਟਿਸ ਪੀ.ਐਸ. ਨਰਸਿਮਹਾ ਅਤੇ ਜਸਟਿਸ ਏ.ਐਸ. ਚੰਦੂਰਕਰ ਦੀ ਬੈਂਚ ਨੇ ਦਿੱਲੀ ਹਾਈ ਕੋਰਟ ਦੇ 23 ਮਈ ਦੇ ਹੁਕਮ ਨੂੰ ਬਰਕਰਾਰ ਰੱਖਿਆ, ਜਿਸ ਵਿਚ ਦੇਰੀ ਦੇ ਆਧਾਰ ਉਤੇ ਉਨ੍ਹਾਂ ਦੀ ਪਟੀਸ਼ਨ ਖਾਰਜ ਕਰ ਦਿਤੀ ਗਈ ਸੀ। ਕੇ.ਏ.ਐਲ. ਏਅਰਵੇਜ਼ ਅਤੇ ਕਲਾਨਿਧੀ ਮਾਰਨ ਨੇ ਸ਼ੁਰੂ ਵਿਚ ਵਿਚੋਲਗੀ ਦੀ ਕਾਰਵਾਈ ਦੌਰਾਨ 1,300 ਕਰੋੜ ਰੁਪਏ ਤੋਂ ਵੱਧ ਦੇ ਮੁਆਵਜ਼ੇ ਦੀ ਮੰਗ ਕੀਤੀ ਸੀ। ਮਾਰਨ ਅਤੇ ਕੇ.ਏ.ਐਲ. ਏਅਰਵੇਜ਼ ਸਪਾਈਸਜੈੱਟ ਦੇ ਸਾਬਕਾ ਪ੍ਰਮੋਟਰ ਸਨ। ਹਾਈ ਕੋਰਟ ਨੇ ਕਿਹਾ ਸੀ ਕਿ ਸਾਬਕਾ ਪ੍ਰਮੋਟਰ ਨੇ ਅਪਣੀਆਂ ਅਪੀਲਾਂ ਦਾਇਰ ਕਰਨ ਅਤੇ ਦੁਬਾਰਾ ਦਾਇਰ ਕਰਨ ਵਿਚ ਦੇਰੀ ਕਰ ਕੇ ‘ਸੋਚੀ ਸਮਝੀ ਖੇਡ’ ਖੇਡੀ। ਪਿਛਲੇ ਸਾਲ 17 ਮਈ ਨੂੰ ਹਾਈ ਕੋਰਟ ਦੀ ਡਿਵੀਜ਼ਨ ਬੈਂਚ ਨੇ ਸਪਾਈਸ ਜੈੱਟ ਅਤੇ ਇਸ ਦੇ ਪ੍ਰਮੋਟਰ ਅਜੇ ਸਿੰਘ ਨੂੰ ਮਾਰਨ ਨੂੰ ਵਿਆਜ ਸਮੇਤ 579 ਕਰੋੜ ਰੁਪਏ ਵਾਪਸ ਕਰਨ ਦੇ ਆਰਬਿਟਰੇਸ਼ਨ



ਦੇ ਫੈਸਲੇ ਨੂੰ ਬਰਕਰਾਰ ਰੱਖਣ ਦੇ ਸਿੰਗਲ ਜੱਜ ਦੇ ਹੁਕਮ ਨੂੰ ਰੱਦ ਕਰ ਦਿਤਾ ਸੀ। ਡਿਵੀਜ਼ਨ ਬੈਂਚ ਨੇ 31 ਜੁਲਾਈ, 2023 ਦੇ ਸਿੰਗਲ ਜੱਜ ਦੇ ਹੁਕਮ ਵਿਰੁਧ ਅਜੇ ਸਿੰਘ ਅਤੇ ਸਪਾਈਸ ਜੈੱਟ ਵਲੋਂ ਦਾਇਰ ਅਪੀਲਾਂ ਨੂੰ ਮਨਜ਼ੂਰ ਕਰ ਲਿਆ ਅਤੇ ਮਾਮਲੇ ਨੂੰ ਨਵੇਂ ਸਿਰੇ ਤੋਂ ਵਿਚਾਰ ਕਰਨ ਲਈ ਸਬੰਧਤ ਅਦਾਲਤ ਨੂੰ ਭੇਜ ਦਿਤਾ। ਇਹ ਮਾਮਲਾ 2015 ਦੀ ਸ਼ੁਰੂਆਤ ਦਾ ਹੈ, ਜਦੋਂ ਅਜੇ ਸਿੰਘ, ਜੋ ਪਹਿਲਾਂ ਏਅਰਲਾਈਨ ਦੇ ਮਾਲਕ ਸਨ, ਨੇ ਸਰੋਤਾਂ ਦੀ ਘਾਟ ਕਾਰਨ ਮਹੀਨਿਆਂ ਤਕ ਬੰਦ ਰਹਿਣ ਤੋਂ ਬਾਅਦ ਇਸ ਨੂੰ ਮਾਰਨ ਤੋਂ ਵਾਪਸ ਖਰੀਦਿਆ ਸੀ। ਸਮਝੌਤੇ ਦੇ ਹਿੱਸੇ ਵਜੋਂ, ਮਾਰਨ ਅਤੇ ਕੇਏਐਲ ਏਅਰਵੇਜ਼ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਵਾਰੰਟ ਅਤੇ ਤਰਜੀਹੀ ਸ਼ੇਅਰ ਜਾਰੀ ਕਰਨ ਲਈ ਸਪਾਈਸਜੈੱਟ ਨੂੰ 679 ਕਰੋੜ ਰੁਪਏ ਦਾ ਭੁਗਤਾਨ ਕੀਤਾ ਹੈ। ਹਾਲਾਂਕਿ, ਮਾਰਨ ਨੇ 2017 ਵਿਚ ਦਿੱਲੀ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ ਅਤੇ ਦੋਸ਼ ਲਾਇਆ ਸੀ ਕਿ ਸਪਾਈਸ ਜੈੱਟ ਨੇ ਨਾ ਤਾਂ ਬਦਲਣਯੋਗ ਵਾਰੰਟ ਅਤੇ ਤਰਜੀਹੀ ਸ਼ੇਅਰ ਜਾਰੀ ਕੀਤੇ ਸਨ ਅਤੇ ਨਾ ਹੀ ਪੈਸੇ ਵਾਪਸ ਕੀਤੇ ਸਨ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਜਸਵੀਰ ਸਿੰਘ ਗੜ੍ਹੀ ਵੱਲੋਂ ਡਾ. ਅੰਬੇਦਕਰ ਲਾਇਬ੍ਰੇਰੀ ਬੰਬੇ ਹਿੱਲ ਦਾ ਦੌਰਾ



**ਚੰਡੀਗੜ੍ਹ/ਆਕਲੈਂਡ, 23 ।** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਆਪਣੇ ਨਿਊਜ਼ੀਲੈਂਡ ਦੌਰੇ ਦੌਰਾਨ ਆਕਲੈਂਡ ਦੇ ਸ੍ਰੀ ਗੁਰੂ ਰਵਿਦਾਸ ਟੈਂਪਲ ਹਿੱਲ ਬੰਬੇ ਹਿੱਲ ਵਿਖੇ ਸਥਿਤ ਡਾ. ਅੰਬੇਦਕਰ ਲਾਇਬ੍ਰੇਰੀ ਦਾ ਦੌਰਾ ਕੀਤਾ । ਇਸ ਮੌਕੇ ਉਨ੍ਹਾਂ ਕਿਹਾ ਕਿ ਪਰਵਾਸੀ ਪੰਜਾਬੀ ਬੱਚਿਆਂ ਨੂੰ ਪੰਜਾਬੀ ਬੋਲੀ ਨਾਲ ਜੋੜਣ ਵਿੱਚ ਇਹ ਲਾਇਬ੍ਰੇਰੀ ਅਹਿਮ ਰੋਲ ਅਦਾ ਕਰ ਰਹੀ ਹੈ । ਗੜ੍ਹੀ ਨੇ ਕਿਹਾ ਕਿ ਪੰਜਾਬੀ ਸਭਿਆਚਾਰ ਨੂੰ ਤਾਂ ਹੀ ਅਸੀਂ ਆਪਣੀਆਂ ਅਗਲੀਆਂ ਪੀੜ੍ਹੀਆਂ ਤੱਕ ਪੁੱਜਦਾ ਕਰ ਸਕਾਂਗੇ ਜੇਕਰ ਉਨ੍ਹਾਂ ਨੂੰ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਨਾਲ ਜੋੜਕੇ ਰੱਖਾਂਗੇ। ਉਨ੍ਹਾਂ ਕਿਹਾ ਕਿ ਜਿੱਥੇ ਸ੍ਰੀ ਗੁਰੂ ਰਵਿਦਾਸ ਟੈਂਪਲ ਬੰਬੇ ਹਿੱਲ ਸਾਡੇ ਗੁਰੂਆਂ ਵੱਲੋਂ ਦਰਸਾਏ ਮਾਰਗ ’ਤੇ ਚੱਲਣ ਲਈ ਲੋਕਾਂ ਨੂੰ ਪ੍ਰੇਰਿਤ ਕਰ ਰਹੀ ਹੈ ਉੱਥੇ ਇਹ ਲਾਇਬ੍ਰੇਰੀ ਸਾਨੂੰ ਗਿਆਨ ਦੇਣ ਦੇ ਨਾਲ-ਨਾਲ ਸਭਿਆਚਾਰ ਨਾਲ ਵੀ ਜੋੜ ਰਹੀ ਹੈ। ਇਸ ਮੌਕੇ ਉਨ੍ਹਾਂ ਨਾਲ ਪ੍ਰਧਾਨ ਨਿਰਮਲਜੀਤ ਸਿੰਘ ਭੱਟੀ, ਉਪ-ਪ੍ਰਧਾਨ ਮਲਕੀਅਤ ਸਿੰਘ ਸਹੋਤਾ, ਜਰਨਲ ਸਕੱਤਰ ਹੰਸ ਰਾਜ ਕਟਾਰੀਆ, ਸਹਾਇਕ ਸਕੱਤਰ ਪਲਵਿੰਦਰ ਸਿੰਘ, ਖਜ਼ਾਨਚੀ ਪ੍ਰਦੀਪ ਕੁਮਾਰ ਚੇਜ਼ਾਰ, ਸਹਾਇਕ ਖਜ਼ਾਨਚੀ ਸੁਰਿੰਦਰ ਕੁਮਾਰ, ਆਡੀਟਰ ਪੰਕਜ ਕੁਮਾਰ, ਮੈਂਬਰ ਪਿਆਰਾ ਰੱਤੂ, ਰਵਿੰਦਰ ਸਿੰਘ ਝੱਮਟ, ਕੁਲਵਿੰਦਰ ਸਿੰਘ ਝੱਮਟ,ਜਸਵਿੰਦਰ ਸੰਧੂ, ਕਰਨੈਲ ਬੱਧਣ ਸ਼ਾਮਿਲ ਸਨ।


# ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# 2 ਬ੍ਰਿਟਿਸ਼ ਪਰਿਵਾਰਾਂ ਨੂੰ ਮਿਲੀਆਂ ਗਲਤ ਲਾਸ਼ਾਂ, ਪ੍ਰਵਾਰਾਂ ਨੇ ਕਿਹਾ ਕਿ DNA ਨਹੀਂ ਹੋਏ ਮੇਲ



**ਅਹਿਮਦਾਬਾਦ।** ਅਹਿਮਦਾਬਾਦ ਵਿੱਚ ਏਅਰ ਇੰਡੀਆ ਦੇ ਜਹਾਜ਼ ਹਾਦਸੇ ਵਿੱਚ ਮਾਰੇ ਗਏ ਦੋ ਬ੍ਰਿਟਿਸ਼ ਲੋਕਾਂ ਦੇ ਪਰਿਵਾਰਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਗਲਤ ਲਾਸ਼ਾਂ ਸੌਂਪੀਆਂ ਗਈਆਂ ਹਨ। ਦੋਵਾਂ ਲਾਸ਼ਾਂ ਦਾ ਡੀਐਨਏ ਪਰਿਵਾਰ ਨਾਲ ਮੇਲ ਨਹੀਂ ਖਾਂਦਾ। ਇਹ ਖੁਲਾਸਾ ਬ੍ਰਿਟਿਸ਼ ਅਖਬਾਰ ਡੇਲੀ ਮੇਲ ਦੀ ਇੱਕ ਰਿਪੋਰਟ ਵਿੱਚ ਹੋਇਆ ਹੈ। ਇਸ ਦੇ ਅਨੁਸਾਰ, ਬ੍ਰਿਟੇਨ ਵਿੱਚ ਰਹਿਣ ਵਾਲੇ ਇਕ ਪਰਿਵਾਰ ਨੇ ਆਪਣੇ ਪ੍ਰਵਾਰਕ ਮੈਂਬਰ ਦੇ ਅੰਤਿਮ ਸਸਕਾਰ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ। ਪਰ ਜਦੋਂ ਡੀਐਨਏ ਟੈਸਟਾਂ ਤੋਂ ਪਤਾ ਲੱਗਾ ਕਿ ਤਾਬੂਤ ਵਿੱਚ ਉਨ੍ਹਾਂ ਦੇ ਪ੍ਰਵਾਰਕ ਮੈਂਬਰ ਦੀ ਥਾਂ ਕਿਸੇ ਹੋਰ ਦੀ ਲਾਸ਼ ਹੈ , ਤਾਂ ਉਨ੍ਹਾਂ ਨੇ ਅੰਤਿਮ ਸਸਕਾਰ ਨੂੰ ਰੋਕ ਦਿੱਤਾ। ਏਅਰ ਇੰਡੀਆ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਪਰ ਅਜੇ ਤੱਕ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਹੈ। ਦਰਅਸਲ, 13 ਲਾਸ਼ਾਂ ਬ੍ਰਿਟੇਨ ਭੇਜੀਆਂ ਗਈਆਂ ਸਨ। ਇਸ ਤੋਂ ਪਹਿਲਾਂ ਵੀ ਪੀੜਤ ਪਰਿਵਾਰਾਂ ਨੇ ਏਅਰ ਇੰਡੀਆ 'ਤੇ ਮੁਆਵਜ਼ੇ ਲਈ ਦਬਾਅ ਪਾਉਣ ਦਾ ਦੋਸ਼ ਲਗਾਇਆ ਸੀ। ਯੂਕੇ ਦੀ ਲਾਅ ਫਰਮ ਸਟੂਅਰਟਸ ਨੇ ਕਿਹਾ ਸੀ ਕਿ ਏਅਰ ਇੰਡੀਆ ਦੁਖੀ ਪਰਿਵਾਰਾਂ ਨੂੰ ਗੁੰਝਲਦਾਰ ਕਾਨੂੰਨੀ ਦਸਤਾਵੇਜ਼ ਭਰਨ ਲਈ ਮਜਬੂਰ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਧਮਕੀ ਦੇ ਰਹੀ ਹੈ ਕਿ ਜੇਕਰ ਉਨ੍ਹਾਂ ਨੇ ਫਾਰਮ ਨਹੀਂ ਭਰੇ ਤਾਂ ਉਨ੍ਹਾਂ ਨੂੰ ਮੁਆਵਜ਼ਾ ਨਹੀਂ ਮਿਲੇਗਾ। ਏਅਰ ਇੰਡੀਆ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਇਹ ਬੇਬੁਨਿਆਦ ਅਤੇ ਝੂਠੇ ਹਨ। ਕੰਪਨੀ ਨੇ ਕਿਹਾ ਸੀ ਕਿ ਉਹ ਪੀੜਤ ਪਰਿਵਾਰਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਦੇਣ ਦੀ ਕੋਸ਼ਿਸ਼ ਕਰ ਰਹੀ ਹੈ।

## ਗੁਜਰਾਤ 'ਚ ਅਲ ਕਾਇਦਾ ਮਾਡਿਊਲ ਦਾ ਪਰਦਾਫਾਸ਼, ਏਟੀਐਸ ਨੇ 4 ਅੱਤਵਾਦੀਆਂ ਨੂੰ ਕੀਤਾ ਗ੍ਰਿਫ਼ਤਾਰ



**ਗੁਜਰਾਤ।** ਗੁਜਰਾਤ ਏਟੀਐਸ ਨੇ ਭਾਰਤੀ ਉਪ ਮਹਾਂਦੀਪ ਵਿੱਚ ਅਲ-ਕਾਇਦਾ (AQIS) ਨਾਲ ਸਬੰਧਤ 4 ਅੱਤਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਗੁਜਰਾਤ ਏਟੀਐਸ ਨੇ ਕਿਹਾ ਹੈ ਕਿ ਚਾਰੇ ਅੱਤਵਾਦੀ ਭਾਰਤ ਵਿੱਚ ਇੱਕ ਵੱਡੀ ਘਟਨਾ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਸਨ। ਏਟੀਐਸ ਦੇ ਡੀਆਈਜੀ ਸੁਨੀਲ ਜੋਸ਼ੀ ਨੇ ਕਿਹਾ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਜਲਦੀ ਹੀ ਇੱਕ ਪ੍ਰੈਸ ਕਾਨਫਰੰਸ ਵਿੱਚ ਪੂਰੀ ਜਾਣਕਾਰੀ ਦਿੱਤੀ ਜਾਵੇਗੀ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਚੋਰ ਚੁਸਤ ਪੁਲਿਸ ਸੁਸਤ ਵਾਲੀ ਗੱਲ ਹੋਈ ਪਈ ਹੈ ਸੁਲਤਾਨਪੁਰ ਲੋਧੀ ਵਿੱਚ

## ●ਮੀਹ ਪੈਂਦੇ ਚ ਚੋਰਾਂ ਨੇ ਲਾਈ ਦੁਕਾਨਾਂ ਨੂੰ ਸੰਨ ਕਰਤਾ ਵੱਡਾ ਕਾਰਾ ●ਵੱਖ-ਵੱਖ ਦੁਕਾਨਾਂ ਦੇ ਕਰੀਬ 10 ਦੇ ਕਰੀਬ ਲਗੇ ਏ ਸੀਆਂ ਦਾ ਸਾਮਾਨ ਚੋਰੀ ●ਹਰ ਰੋਜ਼ ਸ਼ਹਿਰ ਵਿੱਚ ਹੋ ਰਹੀਆਂ ਵੱਡੇ ਪੱਧਰ ਤੇ ਚੋਰੀਆਂ ਲੋਕਾਂ ਦੇ ਵਿੱਚ ਸਹਿਮ ਦਾ ਮਾਹੌਲ






**ਕਪੂਰਥਲਾ , 23 ਜੁਲਾਈ (ਕੌੜਾ)-** ਇਲਾਕੇ ਚ ਸਰਗਰਮ ਹੋਏ ਚੋਰ ਗਿਰੋਹ ਆਏ ਦਿਨ ਵਾਰਦਾਤਾਂ ਨੂੰ ਅੰਜਾਮ ਦੇ ਕੇ ਆਤੰਕ ਮਚਾ ਰਹੇ ਹਨ। ਜਿਸ ਦੇ ਚਲਦਿਆਂ ਲੋਕਾਂ ਅੰਦਰ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਪੁਲਿਸ ਦੇ ਹੱਥ ਇਹਨਾਂ ਚੋਰਾਂ ਦੇ ਤੱਕ ਪਹੁੰਚਣ ਵਿੱਚ ਨਾ ਕਾਮਯਾਬ ਸਾਬਤ ਹੋ ਰਹੇ ਹਨ। ਚੋਰ ਪਹਿਲਾਂ ਲੋਕਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਉਂਦੇ ਸਨ। ਪਰ ਹੁਣ ਇਹਨਾਂ ਬੇਖੌਫ ਚੋਰਾਂ ਨੇ ਬੀਡੀਪੀਓ ਦਫਤਰ ਦੀ ਬਣੀ ਮਾਰਕੀਟ ਦੇ ਵਿੱਚ ਕਰੀਬ 10 ਦੁਕਾਨਾਂ ਨੂੰ ਵੀ ਨਹੀਂ ਬਖਸ਼ਿਆ। ਦੁਕਾਨਦਾਰਾ ਦੇ ਅਨੁਸਾਰ ਇਹਨਾਂ ਚੋਰਾਂ ਵੱਲੋਂ ਕਰੀਬ 10 ਏਸੀਆਂ ਦੀਆਂ ਕਾਪਰ ਪਾਈਪਾਂ ਅਤੇ ਹੋਰ ਕੀਮਤੀ ਸਮਾਨ ਚੋਰੀ ਕੀਤਾ ਗਿਆ ਹੈ। ਜਿਸ ਦਾ ਨੋਟਿਸ ਲੈਂਦਿਆਂ ਹੋਇਆਂ ਦੁਕਾਨਦਾਰਾਂ ਵੱਲੋਂ ਲਿਖਤ ਸ਼ਿਕਾਇਤ ਤੇ ਥਾਣਾ ਸੁਲਤਾਨਪੁਰ ਲੋਧੀ ਦੀ ਪੁਲਿਸ ਨੂੰ ਦਿੱਤੀ ਗਈ ਹੈ ਅਤੇ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਉਧਰ ਮਾਮਲੇ ਨੂੰ ਲੈ ਕੇ ਥਾਣਾ ਮੁਖੀ ਸੁਲਤਾਨਪੁਰ ਲੋਧੀ ਇੰਸਪੈਕਟਰ ਸੋਨਮਦੀਪ ਕੌਰ ਨੇ ਕਿਹਾ ਕਿ ਮਾਮਲਾ ਉਹਨਾਂ ਦੇ ਧਿਆਨ ਵਿੱਚ ਆ ਚੁੱਕਾ ਹੈ ਜਲਦ ਹੀ ਚੋਰ ਸਲਾਖਾਂ ਦੇ ਪਿੱਛੇ ਹੋਣਗੇ। ਜਾਂਚ ਆਰੰਭ ਦਿੱਤੀ ਗਈ ਹੈ। ਅਤੇ ਵੱਖ-ਵੱਖ ਸੀਸੀ ਟੀਵੀ ਦੇ ਫੁਟੇਜ ਕੰਗਾਲੇ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ 15 ਜੂਨ ਤੋਂ ਨਿਆਂਇਕ ਕੰਪਲੈਕਸ ਵਿਖੇ ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਈਆਂ ਸਨ। ਅਜੇ ਵਕੀਲ ਸਾਹਿਬਾਨ ਛੁੱਟੀਆਂ ਮਨਾਉਣ ਲਈ ਕਿਧਰੇ ਰਵਾਨਾ ਹੋਣ ਦੀਆਂ ਵਿਉਂਤਾਂ ਹੀ ਬਣਾ ਰਹੇ ਸਨ ਕਿ ਪਹਿਲੇ ਦਿਨ ਹੀ ਇਸ ਗੱਲ ਦਾ ਫਾਇਦਾ ਚੁੱਕਦਿਆਂ ਹੋਇਆਂ ਬੇਖੌਫ ਚੋਰਾਂ ਵੱਲੋਂ ਨਿਆਂਇਕ ਕੰਪਲੈਕਸ ਨੂੰ ਨਿਸ਼ਾਨਾ ਬਣਾਉਂਦਿਆਂ। ਇੱਥੇ ਵੱਖ-ਵੱਖ ਵਕੀਲਾਂ ਦੇ ਚੈਂਬਰਾਂ ਵਿੱਚ ਲੱਗੇ ਏਅਰ ਕੰਡੀਸ਼ਨਰਾਂ ਦਾ ਸਮਾਨ ਚੋਰੀ ਕਰ ਲਿਆ ਗਿਆ ਸੀ ਇਸ ਤੋਂ ਇਲਾਵਾ ਸ਼ਹਿਰ ਦੇ ਇੱਕ ਫੂਡ ਕੈਫੇ ਅਤੇ ਹੋਰ ਵੀ ਕਈ ਥਾਵਾਂ ਤੇ ਇਹਨਾਂ ਚੋਰਾਂ ਨੇ ਨਿਸ਼ਾਨਾ ਬਣਾਇਆ। ਸ਼ਹਿਰ ਵਿੱਚ ਹਰ ਰੋਜ਼ ਹੋ ਰਹੀਆਂ ਵਾਰਦਾਤਾਂ ਤੋਂ ਸ਼ਹਿਰਵਾਸੀ ਬੜਾ ਪਰੇਸ਼ਾਨ ਹਨ ਅਤੇ ਉਨਾਂ ਨੇ ਪੁਲਿਸ ਤੋਂ ਮੰਗ ਕੀਤੀ ਹੈ ਕਿ ਜਲਦੀ ਹੀ ਇਹਨਾਂ ਚੋਰਾਂ ਨੂੰ ਨੱਥ ਪਾਈ ਜਾਵੇ।ਇਸ ਮੌਕੇ ਨਿਰਮਲ ਸਿੰਘ, ਪਿੰਟੂ ਅਰੋੜਾ, ਲੱਕੀ ਆਟੋ, ਹਰਜਿੰਦਰ ਸਿੰਘ ਮੈਕਸ ਗੈਸ, ਅਮਰਜੀਤ ਹਲਵਾਈ, ਕੁਲਵੀਰ ਸਿੰਘ ਮਿੰਟੂ, ਜਗਪ੍ਰੀਤ ਕਾਈ ਆਟੋ, ਬਲਵਿੰਦਰ ਸਿੰਘ ਧਾਲੀਵਾਲ ਵਿਨੀ ਪ੍ਰਿੰਟਿੰਗ ਪ੍ਰੈਸ , ਪ੍ਰਦੀਪ ਸਿੰਘ ਅਟਵਾਲ, ਗੁਰਪ੍ਰੀਤ ਸਿੰਘ ਢੋਟ, ਸੋਨੂੰ ਅਟਵਾਲ, ਬੰਬੇ ਸਟੂਡੀਓ ਵਾਲੇ, ਸ਼ਿੰਗਾਰਾ ਸਿੰਘ ਆਦਿ ਵੱਡੀ ਗਿਣਤੀ ਵਿੱਚ ਦੁਕਾਨਦਾਰਾਂ ਹਾਜ਼ਰ ਸਨ।

# ਫਿਜ਼ਿਕਸਵਾਲਾ ਨੇ ਲੁਧਿਆਣਾ ਵਿੱਚ ਨੀਟ/ਜੇਈਈ ਉਮੀਦਵਾਰਾਂ ਲਈ ਪੀਡਬਲਿਊ ਐਨਐਸਏਟੀ-2025 ਸਕਾਲਰਸ਼ਿਪ ਦਾ ਕੀਤਾ ਐਲਾਨ




**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਆਰਤੀ ਚੌਕ ਵਿਖੇ ਸਥਿਤ ਫਿਜ਼ਿਕਸਵਾਲਾ (ਪੀਡਬਲਯੂ) ਨੇ ਅੱਜ ਆਪਣੀ ਸਕਾਲਰਸ਼ਿਪ ਪ੍ਰੀਖਿਆ ਪੀਡਬਲਯੂ ਐਨਐਸਏਟੀ-2025 (ਫਿਜ਼ਿਕਸਵਾਲਾ ਨੈਸ਼ਨਲ ਸਕਾਲਰਸ਼ਿਪ ਕਮ ਐਡਮਿਸ਼ਨ ਟੈਸਟ-2025) ਦੇ ਚੌਥੇ ਐਡੀਸ਼ਨ ਦੇ ਸ਼ੁਰੂ ਹੋਣ ਦਾ ਐਲਾਨ ਕੀਤਾ । ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਡਿੰਪਲ ਮਦਾਨ, ਜ਼ਿਲ੍ਹਾ ਖੇਡ ਅਫ਼ਸਰ ਕੁਲਦੀਪ ਚੁੱਘ ਮੁੱਖ ਮਹਿਮਾਨਾਂ ਵਜੋਂ ਸ਼ਾਮਲ ਹੋਏ । ਫਿਜ਼ਿਕਸਵਾਲਾ (ਪੀਡਬਲਯੂ) ਦੇ ਰਿਜਨਲ ਬਿਜਨੇਸ ਹੈਡ ਰਣਜੀਤ ਸਰ ਨੇ ਕਿਹਾ ਕਿ ਫਿਜ਼ਿਕਸਵਾਲਾ (ਪੀਡਬਲਯੂ) ਭਾਰਤ ਦੀ ਮੋਹਰੀ ਵਿਦਿਅਕ ਸੰਸਥਾ ਹੈ, ਜੋ ਕਿ ਪੀਡਬਲਯੂ ਐਨਐਸਏਟੀ-2025 (ਨੈਸ਼ਨਲ ਸਕਾਲਰਸ਼ਿਪ ਕਮ ਐਡਮਿਸ਼ਨ ਟੈਸਟ-2025) ਦੇ ਚੌਥੇ ਐਡੀਸ਼ਨ ਨਾਲ ਸਿੱਖਿਆ ਦੀ ਪਹੁੰਚ ਵਿੱਚ ਮਹੱਤਵਪੂਰਨ ਤਬਦੀਲੀ ਲਿਆਉਣ ਜਾ ਰਿਹਾ ਹੈ । ਇਸ ਪਹਿਲਕਦਮੀ ਦਾ ਉਦੇਸ਼ ਉਹਨਾਂ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਅਤੇ ਮਾਰਗ ਦਰਸ਼ਨ ਪ੍ਰਦਾਨ ਕਰਨਾ ਹੈ ਜੋ ਨੀਟ-ਯੂਜੀ ਅਤੇ ਆਈਆਈਟੀ-ਜੇਈਈ ਪ੍ਰੀਖਿਆਵਾਂ ਵਿੱਚ ਸਕਾਲਰਸ਼ਿਪ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਹਨ, ਭਾਵੇਂ ਉਹਨਾਂ ਦੀ ਵਿੱਤੀ ਸਥਿਤੀ ਕੁਝ ਵੀ ਹੋਵੇ । ਫਿਜ਼ਿਕਸਵਾਲਾ (ਪੀਡਬਲਯੂ) ਦੇ ਬਿਜਨੇਸ ਹੈਡ ਭੁਪਿੰਦਰ ਰਾਣਾ ਨੇ ਕਿਹਾ ਕਿ ਪੀਡਬਲਯੂ ਐਨਐਸਏਟੀ-2025 ਪ੍ਰੀਖਿਆ ਆਨਲਾਈਨ ਅਤੇ ਆਫਲਾਈਨ ਦੋਵਾਂ ਤਰੀਕਿਆਂ ਨਾਲ ਲਈ ਜਾਵੇਗੀ । ਆਨਲਾਈਨ ਮੋਡ ਵਿੱਚ, ਵਿਦਿਆਰਥੀ 1 ਅਕਤੂਬਰ ਤੋਂ 15 ਅਕਤੂਬਰ ਤੱਕ ਪ੍ਰੀਖਿਆ ਦੇ ਸਕਦੇ ਹਨ । ਆਫਲਾਈਨ ਮੋਡ ਵਿੱਚ, ਵਿਦਿਆਰਥੀ 5 ਅਕਤੂਬਰ ਅਤੇ 12 ਅਕਤੂਬਰ ਨੂੰ ਸਾਰੇ ਪੀ.ਡਬਲਯੂ. ਵਿਦਿਆਪੀਠ ਅਤੇ ਪਾਠਸ਼ਾਲਾ ਕੇਂਦਰਾਂ 'ਤੇ ਪ੍ਰੀਖਿਆ ਦੇ ਸਕਦੇ ਹਨ । ਪ੍ਰੀਖਿਆ ਲਈ ਰਜਿਸਟਰੇਸ਼ਨ ਬਿਲਕੁਲ ਮੁਫ਼ਤ ਹੈ ਅਤੇ ਹੁਣ ਇਹ ਪੰਜਵੀਂ ਜਮਾਤ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੇ ਨਾਲ-ਨਾਲ ਪੀਸੀਐਮ ਅਤੇ ਪੀਸੀਬੀ ਦੋਵਾਂ ਸਟਰੀਮਾਂ ਤੋਂ ਬਾਰ੍ਹਵੀਂ ਜਮਾਤ ਪੂਰੀ ਕਰਨ ਵਾਲੇ ਵਿਦਿਆਰਥੀਆਂ ਲਈ ਵੀ ਖੁੱਲ੍ਹੀ ਹੈ । ਨਤੀਜੇ 25 ਅਕਤੂਬਰ, 2025 ਨੂੰ ਘੋਸ਼ਿਤ ਕੀਤੇ ਜਾਣਗੇ । ਫਿਜ਼ਿਕਸ ਵਾਲਾ (ਪੀਡਬਲਯੂ) ਸੈਂਟਰ ਹੈਡ ਯੁਗਲ ਕ੍ਰਿਸ਼ਨਾ ਨੇ ਕਿਹਾ ਕਿ ਪੀਡਬਲਯੂ ਐਨਐਸਏਟੀ-2025 ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਨਕਦ ਇਨਾਮ ਦੇ ਨਾਲ-ਨਾਲ 100 ਪ੍ਰਤੀਸ਼ਤ ਸਕਾਲਰਸ਼ਿਪ ਵੀ ਦਿੱਤੀ ਜਾਵੇਗੀ ਜਿਸ ਵਿੱਚ ਪੂਰੀ ਕੋਰਸ ਫੀਸ ਸ਼ਾਮਲ ਹੋਵੇਗੀ । ਇਨ੍ਹਾਂ ਵਿਦਿਆਰਥੀਆਂ ਨੂੰ ਰੈਂਕਰਾਂ ਦੇ ਇੱਕ ਵਿਸ਼ੇਸ਼ ਸਮੂਹ ਤੋਂ ਲੀਡਰਸ਼ਿਪ ਅਤੇ ਰਣਨੀਤਕ ਮਾਰਗਦਰਸ਼ਨ ਮਿਲੇਗਾ ਜੋ ਉਨ੍ਹਾਂ ਨੂੰ ਨੀਟ-ਯੂਜੀ ਅਤੇ ਆਈਆਈਟੀ-ਜੇਈਈ ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਿੱਚ ਮਦਦ ਕਰਨਗੇ ।ਫਿਜ਼ਿਕਸਵਾਲਾ ਦੇ ਸੰਸਥਾਪਕ ਅਤੇ ਸੀਈਓ, ਅਧਿਆਪਕ ਅਲਖ ਪਾਂਡੇ ਨੇ ਕਿਹਾ ਕਿ ਬਹੁਤ ਸਾਰੇ ਵਿਦਿਆਰਥੀ ਆਪਣੇ ਸੁਪਨਿਆਂ ਨੂੰ ਆਪਣੀ ਯੋਗਤਾ ਦੀ ਘਾਟ ਕਾਰਨ ਨਹੀਂ, ਸਗੋਂ ਵਿੱਤੀ ਰੁਕਾਵਟਾਂ ਕਾਰਨ ਛੱਡ ਦਿੰਦੇ ਹਨ । ਪੀਡਬਲਯੂ ਐਨਐਸਏਟੀ-2025 ਇਸ ਸਥਿਤੀ ਨੂੰ ਬਦਲਣ ਦੀ ਸਾਡੀ ਕੋਸ਼ਿਸ਼ ਹੈ । ਹਰ ਬੱਚੇ ਨੂੰ ਇੱਕ ਉਚਿਤ ਮੌਕਾ ਮਿਲਣਾ ਚਾਹੀਦਾ ਹੈ ਅਤੇ ਇਸ ਪਹਿਲਕਦਮੀ ਰਾਹੀਂ ਅਸੀਂ ਹਰ ਵਿਦਿਆਰਥੀ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਾਂ, ਉਨ੍ਹਾਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਉਨ੍ਹਾਂ ਦੇ ਸੁਪਨੇ ਮਾਇਨੇ ਰੱਖਦੇ ਹਨ ਅਤੇ ਅਸੀਂ ਉਨ੍ਹਾਂ ਦਾ ਸਮਰਥਨ ਕਰਨ ਲਈ ਇੱਥੇ ਹਾਂ।

# ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦਾ ਸੁਪਨਾ ਬਹੁਜਨ ਸਮਾਜ ਪਾਰਟੀ ਇੱਕ ਦਿਨ ਜਰੂਰ ਪੂਰਾ ਕਰੇਗੀ: ਕੁਲਥਮ




**ਬੰਗਾ (ਚਰਨਜੀਤ ਸੱਲਾ)** ਲਗਭਗ ਛੇ ਸੌ ਸਾਲ ਪਹਿਲਾਂ ਇਸ ਧਰਤੀ ਦੇ ਉੱਤੇ ਜਗਤ ਗੁਰੂ ਰਵਿਦਾਸ ਮਹਾਰਾਜ ਨੇ ਜੋ ਸੁਪਨਾ ਲਿਆ ਸੀ ਕਿ " ਐਸਾ ਚਾਹੁੰ ਰਾਜ ਮੈਂ ਜਹਾਂ ਮਿਲੇ ਸਭਨੁ ਕੋ ਅੰਨ, ਛੋਟ ਬੜੇ ਸਭ ਸਮ ਵਸੇ ਰਵਿਦਾਸ ਰਹੇ ਪ੍ਰਸੰਨ " ਉਸ ਮਹਾਨ ਰਹਿਬਰ ਦਾ ,ਉਸ ਮਹਾਨ ਜਗਤ ਗੁਰੂ ਦਾ ਸੁਪਨਾ ਬਹੁਜਨ ਸਮਾਜ ਪਾਰਟੀ ਇੱਕ ਦਿਨ ਜਰੂਰ ਪੂਰਾ ਕਰੇਗੀ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰਾਕੇਸ਼ ਕੁਮਾਰ ਕੁਲਥਮ (ਬਸਪਾ ਆਗੂ) ਨੇ ਕਰਦਿਆਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਵਲੋਂ ਆਪਣਾ ਰਾਜ ਸਥਾਪਿਤ ਕਰਨ ਦੇ ਲਈ ਨਿਰੰਤਰ ਹਰ ਵਰਕਰ ਤੱਕ ਪਹੁੰਚ ਕੀਤੀ ਜਾ ਰਹੀ ਹੈ ਬਹੁਜਨ ਸਮਾਜ ਪਾਰਟੀ ਹਰ ਰੋਜ਼ ਗਰੀਬ ਵਰਗ ਦੇ ਹੱਕਾਂ ਦੀ ਲੜਾਈ ਲੜ ਰਹੀ ਹੈ ਔਰ ਸਮਾਜ ਲਗਾਤਾਰ ਬਹੁਜਨ ਸਮਾਜ ਪਾਰਟੀ ਦੇ ਨੀਲੇ ਝੰਡੇ ਹੇਠ ਇਕੱਤਰ ਹੋ ਰਿਹਾ ਹੈ ਹੁਣ ਉਹ ਦਿਨ ਦੂਰ ਨੀ ਜਿਸ ਦਿਨ ਜਗਤ ਗੁਰੂ ਰਵਿਦਾਸ ਮਹਾਰਾਜ ਦਾ ਸੁਪਨਾ ਬਹੁਜਨ ਸਮਾਜ ਪਾਰਟੀ ਪੂਰਾ ਕਰੇਗੀ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਅੰਧਵਿਸ਼ਵਾਸ ਕਾਰਨ ਲੋਕਾਂ ਨਾਲ ਵਾਪਰਦੀਆਂ ਘਟਨਾਵਾਂ ਬਾਰੇ ਸੋਚੋ: ਤਰਕਸ਼ੀਲ

ਸਾਨੂੰ ਇਹ ਘਟਨਾਵਾਂ/ਖਬਰਾਂ ਅਖ਼ਬਾਰਾਂ ਵਿੱਚ ਆਮ ਪੜ੍ਹਨ ਨੂੰ ਮਿਲਦੀਆਂ ਹਨ ਕਿ ਫਲਾਣਾ ਪਰਿਵਾਰ ਕੋਈ ਸੁੱਖ ਲਾਹੁਣ ਜਾਂ ਸ਼ਰਧਾ ਵੱਸ ਧਾਰਮਿਕ ਸਥਾਨਾਂ 'ਤੇ ਜਾ ਰਹੇ ਸ਼ਰਧਾਲੂਆਂ ਦੀ ਦੁਰਘਟਨਾਵਾਂ ਵਿੱਚ ਮੌਤ ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਇੱਕ ਬੜੀ ਦੁਖਦਾਈ ਪਰ ਦਿਲਚਸਪ ਖ਼ਬਰ ਪਿਛਲੇ ਦਿਨੀਂ ਚਰਚਾ ਦਾ ਵਿਸ਼ਾ ਬਣੀ ਹੈ। ਇਸ ਖ਼ਬਰ ਅਨੁਸਾਰ ਮੱਧ ਪ੍ਰਦੇਸ਼ ਦੇ ਜਬਲਪੁਰ ਜਿਲ੍ਹੇ ਵਿੱਚ ਇੱਕ ਪਰਿਵਾਰ ਵੱਡੀ ਕਾਰ ਵਿੱਚ ਸਵਾਰ ਹੋ ਕੇ ਬੱਕਰੇ ਦੀ ਬਲੀ ਦੇਣ ਲਈ ਕਿਸੇ ਧਾਰਮਿਕ ਸਥਾਨ 'ਤੇ ਜਾ ਰਿਹਾ ਸੀ। ਕਾਰ ਤੇਜ ਰਫਤਾਰ ਹੋਣ ਕਾਰਨ ਇਕ ਨਦੀ ਉੱਤੋਂ ਲੰਘਣ ਸਮੇਂ ਬੇਕਾਬੂ ਹੋ ਕੇ ਪੁਲ ਦੀ ਰੇਲਿੰਗ ਨਾਲ ਟਕਰਾ ਗਈ ਅਤੇ ਰੇਲਿੰਗ ਤੋੜ ਕੇ ਨਦੀ ਵਿੱਚ ਜਾ ਡਿੱਗੀ।

ਇਸ ਨਾਲ ਕਾਰ ਵਿੱਚ ਸਵਾਰ ਚਾਰ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਪਰ ਬਲੀ ਲਈ ਲਿਜਾਇਆ ਜਾ ਰਿਹਾ ਬੱਕਰਾ ਬਚ ਗਿਆ।

ਇਸੇ ਤਰ੍ਹਾਂ ਮੁਕਤਸਰ ਤੋਂ ਸਾਲਾਸਰ ਧਾਮ ਵਿਖੇ 'ਡਾਕ ਧਵੱਜ' (ਝੰਡਾ) ਲੈ ਕੇ ਪੈਦਲ ਜਾ ਰਹੇ ਦੋ ਸ਼ਰਧਾਲੂ ਇਕ ਕਾਰ ਹੇਠ ਆ ਕੇ ਮੌਤ ਦਾ ਸ਼ਿਕਾਰ ਹੋ ਗਏ। ਖ਼ਬਰ ਅਨੁਸਾਰ ਇਹ ਸ਼ਰਧਾਲੂ



ਸੁਭ੍ਹਾ ਚਾਰ ਵਜੇ ਧਨਾਸਰ ਅਤੇ ਰਾਵਤਸਰ ਵਿਚਕਾਰ ਸੜਕ ਉੱਤੇ 'ਧਵੱਜ' ਦੀ ਅਦਲਾ ਬਦਲੀ ਕਰ ਰਹੇ ਸਨ ਜਦ ਇਹ ਹਾਦਸਾ ਵਾਪਰਿਆ। ਮੁਕਤਸਰ ਸਾਹਿਬ ਦੇ ਵਸਨੀਕ ਇਹਨਾਂ ਦੋਹਾਂ ਸ਼ਰਧਾਲੂਆਂ ਕਪਲ ਅਰੋੜਾ ਅਤੇ ਅਸ਼ੋਕ ਕੁਮਾਰ ਵਿੱਚੋਂ ਅਸ਼ੋਕ ਕੁਮਾਰ ਸਰਕਾਰੀ ਅਧਿਆਪਕ ਸੀ।

ਇਹ ਖ਼ਬਰ ਵੀ ਬੜੀ ਦੁਖਦਾਈ ਸੀ ਕਿ ਇੱਕ ਪਰਿਵਾਰ ਦੀ ਇੱਕ ਔਰਤ ਕਿਸੇ ਅਖੌਤੀ ਸਿਆਣੇ ਦੇ ਕਹੇ ਅਨੁਸਾਰ ਨਾਭਾ ਸ਼ਹਿਰ ਨੇੜੇ ਭਾਖੜਾ ਦੇ ਪਾਣੀ ਦੇ ਕਿਨਾਰੇ ਬੱਚਾ ਗੋਦ ਲੈ ਕੇ ਨਾਰੀਅਲ ਪਾਣੀ ਵਿੱਚ ਤਾਰਨ ਗਈ ਤਾਂ ਉਹ ਬੱਚੇ ਸਮੇਤ ਭਾਖੜਾ ਵਿੱਚ ਰੁੜ ਗਈ ।

ਇਹ ਸਾਰੀਆਂ ਸੋਚਣ ਵਾਲੀਆਂ ਘਟਨਾਵਾਂ ਹਨ। ਅਜਿਹੀਆਂ ਬਹੁਤ ਸਾਰੀਆਂ ਦੁਖਦਾਈ ਘਟਨਾਵਾਂ ਲੋਕਾਂ ਨਾਲ ਵਾਪਰਦੀਆਂ ਹਨ।ਲੋਕਾਂ ਦਾ ਨਜ਼ਰੀਆ ਵਿਗਿਆਨਕ ਨਾ ਹੋਣ ਕਾਰਨ ਉਹ ਅਜਿਹਾ ਕਰਦੇ ਹਨ ।ਇਸ ਤਰ੍ਹਾਂ ਉਹ ਆਰਥਿਕ ਨੁਕਸਾਨ ਤਾਂ ਕਰਵਾਉਂਦੇ ਹੀ ਹਨ, ,ਕਈ ਵਾਰ ਜਾਨ ਤੋਂ ਹੱਥ ਵੀ ਧੋ ਬੈਠਦੇ ਹਨ। ਕਿਸੇ ਅਖੌਤੀ ਸਾਧ, ਸਿਆਣੇ ਕੋਲ ਕੋਈ ਵੀ ਕਰਾਮਾਤੀ ਸ਼ਕਤੀ ਨਹੀਂ ਹੁੰਦੀ,ਜਿਸ ਨਾਲ ਉਸ ਦੇ ਕਹੇ ਅਨੁਸਾਰ ਕਰਨ ਨਾਲ ਕਿਸੇ ਦਾ ਭਲਾ ਹੋ ਸਕੇ। ਨੁਕਸਾਨ ਹੁੰਦਾ ਆਮ ਦੇਖਿਆ ਜਾ ਸਕਦਾ ਹੈ। ਬੀਮਾਰੀਆਂ ਦੇ ਇਲਾਜ ਲਈ ਸਾਰੇ ਅਖੌਤੀ ਸਿਆਣੇ ਡਾਕਟਰਾਂ ਕੋਲ ਜਾਂਦੇ ਹਨ ਪਰ ਅੰਧਵਿਸ਼ਵਾਸੀ ਲੋਕ ਇਨ੍ਹਾਂ ਦੇ ਭਰਮ ਜਾਲ ਵਿੱਚ ਪੈ ਕੇ ਆਪਣਾ ਸੰਕਟ /ਬੀਮਾਰੀ ਦੂਰ ਕਰਵਾਉਣ ਇਨ੍ਹਾਂ ਕੋਲ ਜਾ ਕੇ ਮੱਥੇ ਰਗੜਦੇ ਹਨ।ਸੋ ਇਹ ਸਭ ਕੁੱਝ ਤੁਹਾਡੇ ਲੋਕਾਂ ਦੇ ਸੋਚਣ ਲਈ ਕੁੱਝ ਘਟਨਾਵਾਂ ਦਾ ਜ਼ਿਕਰ ਕੀਤਾ ਹੈ ਤਾਂ ਜੋ ਤੁਸੀਂ ਇਨ੍ਹਾਂ ਤੇ ਵਿਚਾਰ ਕਰੋ, ਤਰਕਸ਼ੀਲ ਸੁਸਾਇਟੀ ਪੰਜਾਬ ਲੋਕਾਂ ਨੂੰ ਵਾਪਰਦੀਆਂ ਘਟਨਾਵਾਂ ਤੇ ਵਰਤਾਰਿਆਂ ਪ੍ਰਤੀ ਸੋਚਣ ਲਾਉਂਦੀ ਹੈ ਤਾਂ ਜੋ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣ ਸਕੇ,ਜਿਸ ਨਾਲ ਉਹ ਆਰਥਿਕ, ਸਰੀਰਿਕ ਤੇ ਮਾਨਸਿਕ ਲੁੱਟ ਤੋਂ ਬਚ ਸਕਣ। ਤਰਕਸ਼ੀਲ ਸੁਸਾਇਟੀ ਲੋਕਾਂ ਦਾ ਨਜ਼ਰੀਆ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਹੈ।

**ਮਾਸਟਰ ਪਰਮ ਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਅਸੀਂ ਉੱਤਰੀ ਭਾਰਤ ਦੇ ਹੁਸ਼ਿਆਰਪੁਰ ਦੇ ਮਸ਼ਹੂਰ ਦੁਸਹਿਰੇ 'ਤੇ ਜਜ਼ੀਆ ਟੈਕਸ ਨਹੀਂ ਲਗਾਉਣ ਦੇਵਾਂਗੇ: ਤਲਵਾੜ

## ਸਰਕਾਰ ਨੇ ਦੁਸਹਿਰਾ ਮਨਾਉਣ ਲਈ 25000 ਰੁਪਏ ਪ੍ਰਤੀ ਦਿਨ ਦੀ ਮੰਗ ਕੀਤੀ ਹੈ !

**ਹੁਸ਼ਿਆਰਪੁਰ (ਤਰਸੇਮ ਦੀਵਾਨਾ)** ਉੱਤਰੀ ਭਾਰਤ ਦੇ ਕੁੱਲੂ ਦੁਸਹਿਰੇ ਤੋਂ ਬਾਅਦ, ਹੁਸ਼ਿਆਰਪੁਰ ਵਿੱਚ ਸਭ ਤੋਂ ਵੱਡਾ ਦੁਸਹਿਰਾ ਮਨਾਇਆ ਜਾਂਦਾ ਹੈ ਅਤੇ ਲੱਖਾਂ ਲੋਕ ਇਸ ਦੁਸਹਿਰੇ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਪਿਛਲੇ 100 ਸਾਲਾਂ ਤੋਂ ਮਨਾਏ ਜਾ ਰਹੇ ਇਸ ਦੁਸਹਿਰੇ 'ਤੇ ਕਦੇ ਵੀ ਕਿਸੇ ਵੀ ਸਰਕਾਰ ਨੇ ਕੋਈ ਟੈਕਸ ਨਹੀਂ ਲਗਾਇਆ, ਪਰ ਬਦਲਾਅ ਲਿਆਉਣ ਵਾਲੀ ਇਸ ਸਰਕਾਰ ਨੇ ਦੁਸਹਿਰਾ ਕਮੇਟੀ ਤੋਂ 25000 ਰੁਪਏ ਪ੍ਰਤੀ ਦਿਨ ਟੈਕਸ ਦੀ ਮੰਗ ਕਰਕੇ ਮੁਗਲਾਂ ਦੀ ਸੋਚ ਦੀ ਉਦਾਹਰਣ ਦਿੱਤੀ ਹੈ।ਉਪਰੋਕਤ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੰਜੀਵ ਤਲਵਾੜ  ਨੇ ਪ੍ਰੈਸ ਨੂੰ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਕਹੇ। ਤਲਵਾੜ  ਨੇ ਕਿਹਾ ਕਿ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਸਾਰੇ ਧਰਮਾਂ ਦੇ ਤਿਉਹਾਰਾਂ ਨੂੰ ਸ਼ਰਧਾ ਨਾਲ ਮਨਾਉਣ ਵਿੱਚ ਮਦਦ ਕਰਨ। ਉਨ੍ਹਾਂ ਕਿਹਾ ਕਿ ਹੁਣ ਜਦੋਂ ਸਰਕਾਰ ਤਿਉਹਾਰਾਂ ਦੇ ਨਾਮ 'ਤੇ ਕਾਰੋਬਾਰ ਕਰਨ ਲੱਗਦੀ ਹੈ, ਤਾਂ



ਸਿਰਫ਼ ਪਰਮਾਤਮਾ ਹੀ ਸੂਬੇ ਦੇ ਲੋਕਾਂ ਨੂੰ ਇਸ ਤੋਂ ਬਚਾ ਸਕਦਾ ਹੈ। ਤਲਵਾੜ ਨੇ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨੇ ਇੱਕ ਵਾਰ ਫਿਰ ਪਵਿੱਤਰ ਮੁਗਲਾਂ ਦੀ ਸੋਚ ਨੂੰ ਮੁੜ ਸੁਰਜੀਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕਰਦਾ ਹੈ ਅਤੇ ਜੇਕਰ ਸਰਕਾਰ ਇਸ ਫੈਸਲੇ ਨੂੰ ਨਹੀਂ ਬਦਲਦੀ ਹੈ, ਤਾਂ ਦੁਸਹਿਰਾ ਕਮੇਟੀ ਇਸ ਕੰਮ ਲਈ ਜੋ ਵੀ ਅੰਦੋਲਨ ਕਰੇਗੀ, ਸ਼੍ਰੋਮਣੀ ਅਕਾਲੀ ਦਲ ਉਸਦਾ ਪੂਰਾ ਸਮਰਥਨ ਕਰੇਗਾ।

# ਵੱਖ-ਵੱਖ ਵਰਗਾਂ ਨਾਲ ਸੰਬੰਧਿਤ ਲੋਕਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਗੁਰਬਖਸ਼ ਸਿੰਘ ਦਾ ਹੋਇਆ ਅੰਤਿਮ ਸਸਕਾਰ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਂਕ ਦੇ ਸਰਪ੍ਰਸਤ ਸਵ: ਕਿਸ਼ਨ ਸਿੰਘ ਲਾਇਲਪੁਰੀ ਦੇ ਜਿਗਰੀ ਦੋਸਤ ਗੁਰਬਖਸ਼ ਸਿੰਘ ਕਥੂਰੀਆ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਏ ਹਨ। ਅੱਜ ਉਨ੍ਹਾਂ ਦਾ ਅੰਤਿਮ ਸੰਸਕਾਰ ਸਵਰਗ ਆਸ਼ਰਮ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਕੀਤਾ ਗਿਆ। ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਤੇ ਜਿੱਥੇ ਪਰਿਵਾਰਕ ਮੈਂਬਰਾਂ ਨਾਲ ਧਾਰਮਿਕ, ਸਮਾਜਿਕ, ਸਮਾਜ-ਸੇਵੀ ਸੰਸਥਾਵਾਂ ਦੇ ਆਗੂਆਂ ਨੇ ਦੁੱਖ ਸਾਂਝਾ ਕੀਤਾ ਉੱਥੇ ਰਾਜਨੀਤਕ ਆਗੂਆਂ ਭਾਰਤ ਭੂਸ਼ਨ ਆਸ਼ੂ, ਜਥੇਦਾਰ ਹੀਰਾ ਸਿੰਘ ਗਾਬੜੀਆ, ਰਜਨੀਸ਼ ਆਹੂਜਾ, ਬਾਬਾ ਅਜੀਤ ਸਿੰਘ, ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਵੀ ਗੁਰਬਖਸ਼ ਸਿੰਘ ਕਥੂਰੀਆ ਦੇ ਬੇਟੇ ਨਰਿੰਦਰਪਾਲ ਸਿੰਘ ਕਥੂਰੀਆ ਤੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਐਨ.ਪੀ. ਸਿੰਘ ਨੇ ਦੱਸਿਆ ਕਿ ਗੁਰਬਖਸ਼ ਸਿੰਘ ਕਥੂਰੀਆ ਦੇ ਅੰਗੀਠਾ ਸੰਭਾਲਣ ਦੀ ਰਸਮ 24 ਜੁਲਾਈ ਦਿਨ ਵੀਰਵਾਰ ਨੂੰ ਸਵੇਰੇ 8.30 ਵਜੇ ਹੋਵੇਗੀ। ਭੋਗ ਅਤੇ ਅੰਤਿਮ ਅਰਦਾਸ ਸਮਾਗਮ 27 ਜੁਲਾਈ ਦਿਨ ਐਤਵਾਰ ਨੂੰ ਦੁਪਹਿਰ 1.30 ਵਜੇ ਤੋਂ ਦੁਪਹਿਰ 2.30 ਵਜੇ ਤੱਕ ਸਥਾਨ ਗੁਰਦੁਆਰਾ ਸਾਹਿਬ ਫੇਸ-1, ਸੀਆਰਪੀ ਕਲੋਨੀ ਵਿਖੇ ਹੋਣਗੇ।

ਇਸ ਮੌਕੇ ਹਰਮਿੰਦਰ ਸਿੰਘ, ਬਲਵੀਰ ਸਿੰਘ, ਇੰਦਰਮੋਹਨ ਸਿੰਘ ਆਹੂਜਾ, ਗੁਰਦੀਪ ਸਿੰਘ ਡੀਮਾਰਟੇ, ਚਰਨਜੀਤ ਸਿੰਘ ਛਾਬੜਾ, ਤੇਜਵਿੰਦਰ ਸਿੰਘ ਬਿੱਗਬੈਨ, ਜਸਪ੍ਰੀਤ ਸਿੰਘ ਆਹੂਜਾ, ਗੁਰਸਿਮਰਨ ਸਿੰਘ, ਪ੍ਰੀਤਕਮਲ ਪਾਹਵਾ, ਰਮੇਸ਼ ਸਾਹਨੀ, ਸੁਰਿੰਦਰਪਾਲ ਸਿੰਘ ਭਟਿਆਣੀ, ਭੁਪਿੰਦਰ ਸਿੰਘ ਜੁਨੇਜਾ, ਅਮਰਜੀਤ ਸਿੰਘ ਬਜਾਜ, ਅਮਰੀਕ ਸਿੰਘ ਬੱਤਰਾ, ਬਲਵੀਰ ਸਿੰਘ ਗੁਲਾਟੀ, ਗੁਰਕਰਨ ਸਿੰਘ ਟੀਨਾ, ਰਣਜੀਤ ਸਿੰਘ ਦਾਰਾ ਤੇ ਹੋਰ ਪਤਵੰਤੇ ਸੱਜਣ ਇਸ ਦੁੱਖ ਦੀ ਘੜੀ ਵਿੱਚ ਸ਼ਾਮਲ ਸਨ।

for more news visit:
www.samajweekly.com

# ਆਲ ਪੰਜਾਬ ਡੀ ਐਸ ਟੀ/ਸੀ ਟੀ ਐਸ ਕੰਟੈਰਕਟ ਇੰਸਟਰਕਟਰ ਯੂਨੀਅਨ ਵੱਲੋਂ ਵਿੱਤ ਮੰਤਰੀ ਸਾਹਿਬ ਦੀ ਕੋਠੀ ਦਾ ਘਿਰਾਓ ਕਰਨ ਦੀ ਤਿਆਰੀ

**ਫ਼ਰੀਦਕੋਟ ।** ਅੱਜ ਹੋਈ ਆਲ ਪੰਜਾਬ ਡੀ ਐਸ ਟੀ/ਸੀ ਟੀ ਐਸ ਕੰਟੈਰਕਟ ਇੰਸਟਰਕਟਰ ਯੂਨੀਅਨ ਦੀ ਮੀਟਿੰਗ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਯੂਨੀਅਨ ਦੇ ਪ੍ਰਧਾਨ ਵੱਲੋ ਦੱਸਿਆ ਕਿ ਸਾਡੀ ਮੀਟਿੰਗ ਮਾਨਯੋਗ ਮੁੱਖ ਮੰਤਰੀ ਸਾਹਿਬ ਜੀ ਨਾਲ ਤਿੰਨ ਵਾਰ ਹੋ ਚੁੱਕੀ ਹੈ , ਮਾਨਯੋਗ ਵਿੱਤ ਮੰਤਰੀ ਸਾਹਿਬ ਨਾਲ ਸਾਡੀ ਮੀਟਿੰਗ 12 ਵਾਰ ਹੋ ਚੁੱਕੀ ਹੈ ਅਤੇ ਤਕਨੀਕੀ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਜੀ ਨਾਲ ਸਾਡੀ ਬਹੁਤ ਵਾਰ ਮੀਟਿੰਗ ਹੋ ਚੁੱਕੀ ਹੈ ਅਤੇ ਇਹਨਾਂ ਤੋ ਇਲਾਵਾ ਅਮਨ ਅਰੋੜਾ ਜੀ, ਲਾਲਜੀਤ ਭੁੱਲਰ ਜੀ , ਮੈਡਮ ਡਾਕਟਰ ਗੁਰਪ੍ਰੀਤ ਕੌਰ ਜੀ ਅਤੇ ਹੋਰ ਕਈ ਕੈਬਿਨੇਟ ਮੰਤਰੀ ਸਾਹਿਬ ਨਾਲ ਸਾਡੀ ਮੀਟਿੰਗ ਹੋ ਚੁੱਕੀ ਹੈ।

ਇਹਨਾ ਸਾਰੀਆਂ ਮੀਟਿੰਗਾਂ ਵਿੱਚ ਸਾਨੂੰ ਸਾਡੀਆਂ ਮੰਗਾ ਪੂਰੀਆਂ ਕਰਨ ਲਈ ਵਿਸ਼ਵਾਸ਼ ਦਵਾਇਆ ਗਿਆ ਸੀ ਪਰ ਸਾਡੀਆਂ ਮੰਗਾ ਸਾਢੇ ਤਿੰਨ ਸਾਲ ਬੀਤਣ ਉਪਰੰਤ ਵੀ ਇਸ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੂਰੀਆਂ ਨਹੀਂ ਕੀਤੀਆਂ ਗਈਆਂ ਜਦੋਂ ਕੇ ਵੋਟਾਂ ਤੋਂ ਪਹਿਲਾ ਸਾਡੇ ਨਾਲ ਵਾਧੇ ਕੀਤੇ ਗਏ ਸਨ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਪਹਿਲ ਦੇ ਅਧਾਰ ਤੇ ਕੰਮ ਕੀਤੇ ਜਾਣਗੇ। ਸਾਡੀ ਆਖਰੀ ਮੀਟਿੰਗ 29/05/2025 ਨੂੰ ਮਾਨਯੋਗ ਹਰਪਾਲ ਸਿੰਘ ਚੀਮਾ ਜੀ ਨਾਲ ਪੈਨਲ ਮੀਟਿੰਗ ਹੋਈ ਸੀ ਜਿਸ ਵਿੱਚ ਤਕਨੀਕੀ ਸਿੱਖਿਆ ਵਿਭਾਗ ਦੇ ਮਾਨਯੋਗ ਡਾਇਰੈਕਟਰ ਸਾਹਿਬ ਅਤੇ ਵਿੱਤ ਵਿਭਾਗ ਦੇ ਸਕੱਤਰ ਸਾਹਿਬ ਮੌਜੂਦ ਸਨ। ਹਰ ਵਾਰ ਦੀ ਤਰ੍ਹਾਂ ਸਾਨੂੰ ਮੀਟਿੰਗ ਵਿੱਚ ਮੰਗਾ ਪੂਰੀਆਂ ਕਰਨ ਲਈ ਭਰੋਸਾ ਦਵਾਇਆ ਗਿਆ ਸੀ ਪਰ ਅੱਜ 2 ਮਹੀਨੇ ਬੀਤਣ ਤੇ ਵੀ ਸਾਡਾ ਕੋਈ ਹੱਲ ਨਹੀਂ ਹੋਇਆ।




ਅਸੀ ਆਪਣੀ ਨੌਕਰੀ ਨੂੰ ਸੁਰੱਖਿਅਤ ਕਰਨ , ਤਨਖਾਹਾਂ ਵਿਚ ਵਾਧਾ ਕਰਨ ਲਈ ਬੇਨਤੀ ਕੀਤੀ ਸੀ ਪਰ ਸਾਡੇ ਪੱਲੇ ਕੁਸ਼ ਨਾ ਪਿਆ। ਵਿਭਾਗ ਵਿਚ ਪਤਾ ਕਰਨ ਤੇ ਸਾਨੂੰ ਪਤਾ ਲੱਗਾ ਕਿ ਵਿਭਾਗ ਵੱਲੋਂ ਸਾਡੀਆਂ ਮੰਗਾ ਸਬੰਧੀ ਫਾਈਲ ਵਿੱਤ ਵਿਭਾਗ ਵਿਚ ਭੇਜੀ ਹੋਈ ਹੈ ਅਤੇ ਵਿੱਤ ਮੰਤਰੀ ਵੱਲੋਂ ਰੋਕ ਲਾਈ ਗਈ ਹੈ। ਅਤੇ ਮੰਤਰੀ ਸਾਹਿਬ ਵੱਲੋ ਇਹ ਕਿਹਾ ਜਾ ਰਿਹਾ ਹੈ ਕਿ ਅਸੀਂ ਫਾਈਲ ਮੁੱਖ ਮੰਤਰੀ ਸਾਹਿਬ ਕੋਲ ਭੇਜੀ ਹੋਈ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਦੋਨਾਂ ਪਾਸਿਆਂ ਤੋਂ ਯੂਨੀਅਨ ਨੂੰ ਉਲਝਾ ਕੇ ਰੱਖਿਆ ਗਿਆ ਹੈ ਅਤੇ ਸਾਨੂੰ ਲਾਰੇ ਲੱਪੇ ਲਗਾਏ ਜਾ ਰਹੇ ਹਨ । ਇਸੇ ਤੋਂ ਤੰਗ ਆ ਕੇ ਯੂਨੀਅਨ ਵੱਲੋਂ ਵਿੱਤ ਮੰਤਰੀ ਸਾਹਿਬ ਦੇ ਹਲਕਾ ਦਿੜ੍ਹਬਾ ਵਿਚ ਮਿਤੀ 27/07/2025 ਨੂੰ ਰੋਸ ਪ੍ਰਦਰਸ਼ਨ ਕਰਨ ਲਈ ਤਿਆਰੀ ਵਿੱਢ ਲਈ ਗਈ ਹੈ। ਯੂਨੀਅਨ ਆਗੂ ਵੱਲੋ ਇਹ ਚੇਤਾਵਨੀ ਦਿੱਤੀ ਗਈ ਕੇ ਜੇਕਰ ਸਰਕਾਰ ਸਾਡੀਆਂ ਮੰਗਾ ਜਲਦੀ ਪੂਰੀਆਂ ਨਹੀਂ ਕਰਦੀ ਤਾਂ ਇਹ ਸੰਘਰਸ਼ ਤਿੱਖਾ ਕਰਦੇ ਹੋਏ ਪੱਕੇ ਤੌਰ ਤੇ ਕੰਮ ਬੰਦ ਕਰਕੇ ਧਰਨਾ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਯੂਨੀਅਨ ਪ੍ਰਧਾਨ ਸੰਦੀਪ ਸਿੰਘ ਗਗੜੇਵਾਲ , ਸਿਮਰਨਜੀਤ ਸਿੰਘ ਫਿਰੋਜ਼ਪੁਰ ,ਕਿਰਨਦੀਪ ਸਿੰਘ ਰੁਪਾਣਾ, ਮਨਜਿੰਦਰ ਸਿੰਘ ਅਤੇ ਯੂਨੀਅਨ ਦੇ ਹੋਰ ਮੈਂਬਰ ਹਾਜਰ ਸਨ।

# ਤਿੰਨ ਰੋਜ਼ਾ ਜ਼ਿਲ੍ਹਾ ਪੱਧਰੀ ਸ਼ੂਟਿੰਗ (ਫਾਇਰਿੰਗ) ਟੂਰਨਾਮੈਂਟ ਇਨਾਮ ਵੰਡ ਸਮਾਗਮ ਨਾਲ ਹੋਇਆ ਸਮਾਪਤ

**ਭੀਖੀ ( ਕਮਲ ਜਿੰਦਲ )** ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਤਿੰਨ ਰੋਜ਼ਾ ਜ਼ਿਲ੍ਹਾ ਪੱਧਰੀ ਸ਼ੂਟਿੰਗ (ਫਾਇਰਿੰਗ) ਟੂਰਨਾਮੈਂਟ ਮੌਕੇ ਇਨਾਮ ਵੰਡ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਸਾਬਕਾ ਮੀਤ ਪ੍ਰਧਾਨ ਸ਼੍ਰੀ ਬ੍ਰਿਜ ਲਾਲ ਵਿਸ਼ੇਸ਼ ਤੌਰ ਤੇ ਇਸ ਸਮਾਗਮ ਵਿੱਚ ਸ਼ਾਮਲ ਹੋਏ। ਉਨ੍ਹਾਂ ਵੱਲੋਂ ਸ਼ੂਟਿੰਗ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੇ ਸਾਰੇ ਹੀ ਖਿਡਾਰੀਆਂ ਨੂੰ ਬਹੁਤ - ਬਹੁਤ ਮੁਬਾਰਕਬਾਦ ਦਿੱਤੀ ਗਈ ।ਉਨ੍ਹਾਂ ਬੱਚਿਆਂ ਸੰਬੋਧਨ ਕਰਦਿਆਂ ਕਿਹਾ ਖੇਡਾਂ ਸਰੀਰਕ ਅਰੋਗਤਾ, ਬੌਧਿਕ ਵਿਕਾਸ, ਮਨੋਰੰਜਨ ਤੇ ਆਚਰਣ ਉਸਾਰੀ ਵਿੱਚ ਵੱਡਾ ਯੋਗਦਾਨ ਪਾਉਂਦੀਆਂ ਹਨ। ਇਸ ਮੌਕੇ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਕਿਹਾ ਕਿ ਇਸ ਤਿੰਨ ਰੋਜ਼ਾ ਸ਼ੂਟਿੰਗ ਟੂਰਨਾਮੈਂਟ ਵਿੱਚ ਕੁੱਲ 115 ਖਿਡਾਰੀਆਂ ਨੇ ਭਾਗ ਲਿਆ। ਇਨ੍ਹਾਂ ਟੂਰਨਾਮੈਂਟਾਂ ਨੂੰ ਨੇਪਰੇ ਚਾੜ੍ਹਨ ਅਤੇ ਸਫ਼ਲ ਬਣਾਉਣ ਵਿੱਚ ਸਕੂਲ ਪ੍ਰਬੰਧਕ ਕਮੇਟੀ, ਅਤੇ ਜ਼ਿਲ੍ਹਾ ਸ਼ੂਟਿੰਗ ਐਸੋਸੀਏਸ਼ਨ ਮਾਨਸਾ ਦਾ ਭਰਪੂਰ ਸਹਿਯੋਗ ਰਿਹਾ। ਉਨ੍ਹਾਂ ਕਿਹਾ ਕਿ ਵੱਖ-ਵੱਖ ਖੇਡ ਗਤੀਵਿਧੀਆਂ ਵਿੱਚ ਭਾਗ ਲੈਣ ਨਾਲ ਹੀ ਮੁਕਾਬਲੇ ਦੀ ਭਾਵਨਾ ਅਤੇ ਆਸ਼ਾਵਾਦੀ ਦ੍ਰਿਸ਼ਟੀਕੋਣ ਪੈਦਾ ਹੁੰਦਾ ਹੈ। ਇਸ ਮੌਕੇ ਵਿੱਦਿਆ ਮੰਦਰ ਦੀਆਂ ਵਿਦਿਆਰਥਣਾਂ ਵੱਲੋਂ ਸੱਭਿਆਚਾਰਕ ਲੋਕ - ਨਾਚ ਪੇਸ਼ ਕੀਤਾ ਗਿਆ। ਇਸ ਮੌਕੇ ਸ਼ੂਟਿੰਗ ਮੁਕਾਬਲਿਆਂ ਵਿੱਚੋਂ ਪਹਿਲੇ, ਦੂਜੇ, ਤੀਜੇ ਸਥਾਨ ਤੇ ਰਹਿਣ ਵਾਲੇ ਸਾਰੇ ਹੀ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸੇ ਉਪਰੰਤ ਸਕੂਲ ਪ੍ਰਿੰਸੀਪਲ ਨੇ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ।ਇਸ ਮੌਕੇ ਜ਼ਿਲ੍ਹਾ ਸ਼ੂਟਿੰਗ ਐਸੋਸੀਏਸ਼ਨ ਦੇ ਸਕੱਤਰ ਸੁਰਿੰਦਰ ਸਿੰਘ, ਮੀਤ ਪ੍ਰਧਾਨ ਅੰਮ੍ਰਿਤ ਢਿੱਲੋਂ, ਸ. ਗੁਰਜੀਤ ਸਿੰਘ ਢਿੱਲੋਂ, ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤਜਿੰਦਰ ਪਾਲ, ਪ੍ਰਬੰਧਕ ਅੰਮ੍ਰਿਤ ਲਾਲ, ਸੀਨੀ. ਵਾਈਸ ਪ੍ਰਧਾਨ ਪ੍ਰਸ਼ੋਤਮ ਮੱਤੀ, ਵਾਈਸ ਪ੍ਰਧਾਨ ਡਾ:ਮੱਖਣ ਲਾਲ, ਮੈਂਬਰ ਭੂਸ਼ਣ ਕੁਮਾਰ, ਵਿਸ਼ੇਸ਼ ਤੌਰ ਹਾਜ਼ਰ ਹੋਏ।





# ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ



*ਕਾਮਾਗਾਟਾ ਮਾਰੂ ਜਹਾਜ਼* : ਆਜ਼ਾਦੀ ਦੇ ਇਤਿਹਾਸ ਵਿੱਚ ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ ਬਹੁਤ ਅਹਿਮੀਅਤ ਰੱਖਦੀ ਹੈ।ਕੈਨੇਡਾ ਵਿੱਚ ਪੰਜਾਬੀ ਹਿੰਦੀਆਂ ਦੀ ਵੱਧਦੀ ਗਿਣਤੀ ਨੂੰ ਰੋਕਣ ਲਈ ਉਥੋਂ ਦੀ ਸਰਕਾਰ ਨੇ 9-5-1907 ਨੂੰ ਐਲਾਨ ਕੀਤਾ ਕਿ ਕਨੈਡਾ ਵਿੱਚ ਉਹੋ ਹੀ ਦਾਖਲ ਹੋਵੇਗਾ ਜੋ ਭਾਰਤ ਤੋਂ ਸਿੱਧੀ ਟਿਕਟ ਅਤੇ 200 ਡਾਲਰ (600 ਰੁਪਏ) ਲੈ ਕੇ ਆਵੇਗਾ।ਉਹ ਜਾਣਦੇ ਸਨ ਕਿ ਭਾਰਤ ਤੋਂ ਕੋਈ ਸਿੱਧਾ ਜਹਾਜ਼ ਕਨੈਡਾ ਨਹੀਂ ਆਉਂਦਾ,ਬਾਬਾ ਗੁਰਦਿੱਤ ਸਿੰਘ ਜੋ ਸਰਹਾਲੀ (ਜਿਲਾ ਤਰਨ ਤਾਰਨ) ਦੇ ਸਨ ਉਸ ਸਮੇਂ ਮਲੇਸ਼ੀਆ ਵਿੱਚ ਵਪਾਰ ਦਾ ਕੰਮ ਕਰਦੇ ਸਨ ਉਨਾਂ ਨੇ ਜਪਾਨੀ ਕੰਪਨੀ ਕੋਲੋਂ 19 ਮਾਰਚ 1914 ਨੂੰ ਐਸ ਐਸ ਕਾਮਾਗਾਟਾ ਮਾਰੂ ਜਹਾਜ ਛੇ ਮਹੀਨੇ ਲਈ 11000 ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਪਟੇ ਤੇ ਲੈ ਕੇ 500 ਯਾਤਰੀਆਂ ਸਮੇਤ ਕੋਲਾ ਲੱਦ ਕੇ ਵਪਾਰ ਕਰਨ ਲਈ ਤੁਰਨ ਲੱਗੇ ਤਾਂ ਸਰਕਾਰ ਨੇ ਬਾਬਾ ਜੀ ਨੂੰ ਝੂਠੇ ਕੇਸ 'ਚ 25-3-1914 ਨੂੰ ਗਿਰਫਤਾਰ ਕਰ ਲਿਆ ਇਸ ਸਮੇਂ ਪੈਦਾ ਹੋਈ ਹਫੜਾ ਦਫੜੀ ਕਰਕੇ ਬਹੁਤੇ ਮੁਸਾਫਰ ਖਿਸਕ ਗਏ ਅਤੇ ਸਿਰਫ 135 ਮੁਸਾਫਰ ਰਹਿ ਗਏ।ਦੁਬਾਰਾ ਗਵਰਨਰ ਦੀ ਮਨਜੂਰੀ ਮਿਲਣ ਤੇ ਜਹਾਜ਼ ਵੱਖ ਵੱਖ ਬੰਦਰਗਾਹਾਂ ਤੋਂ ਕੁਲ 376 ਯਾਤਰੀ ਲੈ ਕੇ 4-4-1914 ਨੂੰ ਕਨੈਡਾ ਲਈ ਰਵਾਨਾ ਹੋਇਆ।17 ਅਪ੍ਰੈਲ ਨੂੰ ਖਾਲਸਾ ਦੀਵਾਨ ਸ਼ੰਘਾਈ ਦੀ ਮੀਟਿੰਗ ਵਿੱਚ ਭਾਰਤ ਦੇ ਵਾਇਸਰਾਏ ਨੂੰ ਬੇਨਤੀ ਕੀਤੀ ਗਈ ਕਿ ਕਾਮਾਗਾਟਾ ਮਾਰੂ ਜਹਾਜ ਦੇ ਮੁਸਾਫਰਾਂ ਨੂੰ ਉਤਰਨ ਦੀ ਆਗਿਆ ਦੇਣ ਵਾਸਤੇ ਉਥੋਂ ਦੀ ਸਰਕਾਰ ਨੂੰ ਸਲਾਹ ਦਿੱਤੀ ਜਾਵੇ।1 ਮਈ 1914 ਨੂੰ ਉਸਨੇ ਉੱਤਰ ਦਿਤਾ ਕਿ ਕਨੈਡਾ ਦੇ ਕਾਨੂੰਨਾਂ ਮੁਤਾਬਿਕ ਉਹ ਇਸ ਬਾਰੇ ਕੋਈ ਵੀ ਸਹਾਇਤਾ ਕਰਨ ਤੋਂ ਅਸਮਰਥ ਹੈ।ਕੁਝ ਹੋਰ ਸੰਸਥਾਵਾਂ ਲੰਡਨ ਆਲ ਇੰਡੀਆ ਮੁਸਲਿਮ ਲੀਗ ਅਤੇ ਹਾਂਗਕਾਂਗ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਨੇ ਵੀ ਮੁਸਾਫਰਾਂ ਦੇ ਹੱਕ ਵਿਚ ਨਾਅਰਾ ਮਾਰਿਆ।22-23 ਮਈ ਨੂੰ ਕਨੈਡਾ ਦੀ ਬੰਦਰਗਾਹ ਵੈਨਾਕੂਵਰ ਤੋਂ ਪਿਛੇ ਵਾਪਸ ਭੇਜਣ ਵਾਸਤੇ ਰੋਕ ਦਿਤਾ ਗਿਆ।ਜਹਾਜ ਵਿੱਚ ਗਿਣਤੀ ਦੇ ਦਿਨਾਂ ਦਾ ਰੱਖਿਆ ਰਾਸ਼ਨ ਖਤਮ ਹੋ ਗਿਆ।ਦੋ ਮਹੀਨੇ ਖਜਲ ਖਰਾਬ ਕਰਨ ਤੇ ਜਹਾਜ਼ ਨੂੰ ਵਾਪਸ ਮੋੜਨ ਲਈ ਰੇਨਬੋ ਜੰਗੀ ਜਹਾਜ਼ ਨੇ ਹਥਿਆਰਾਂ ਸਮੇਤ 21 ਜੁਲਾਈ ਨੂੰ ਘੇਰਾ ਪਾਕੇ ਬੰਦੂਕਾਂ,ਤੋਪਾਂ ਚਲਾਉਣ ਦੀ ਧਮਕੀ ਦਿਤੀ,ਜਿਸ ਦੇ ਵਿਰੋਧ 'ਚ ਵੈਨਾਕੂਵਰ ਵਿਚਲੇ ਪੰਜਾਬੀਆਂ ਨੇ ਜਵਾਬੀ ਕਾਰਵਾਈ ਕਰਦਿਆਂ ਸ਼ਹਿਰ ਨੂੰ ਅੱਗ ਲਾਉਣ ਦੀ ਧਮਕੀ ਦੇ ਦਿੱਤੀ।ਅੰਤ ਵਿੱਚ ਸਰਕਾਰ ਨੇ ਜਹਾਜ਼ ਦੇ ਯਾਤਰੀਆਂ ਨੂੰ ਰਾਸ਼ਨ ਦੇ ਕੇ 23 ਜੁਲਾਈ ਨੂੰ ਭਾਰਤ ਵਾਪਸ ਭੇਜਣ ਵਾਸਤੇ ਰਾਜੀ ਕਰ ਲਿਆ,ਜੋ 29 ਸਤੰਬਰ ਨੂੰ ਬਜਬਜ ਘਾਟ (ਕਲਕੱਤਾ) ਪਹੁੰਚਣ ਤੇ ਅੰਗਰੇਜ ਸਰਕਾਰ ਦੀ ਪੁਲਿਸ ਵਲੋਂ ਬਾਬਾ ਜੀ ਅਤੇ ਬਾਕੀ ਮੁਸਾਫਰਾਂ ਨੂੰ ਗਿਰਫਤਾਰ ਕਰਨ ਲਈ ਹੋਈ ਕਾਰਵਾਈ ਸਮੇਂ ਵਾਪਰੇ ਸਾਕੇ ਵਿਚ 21 ਦੇ ਕਰੀਬ ਮੌਤਾਂ ਤੇ 300 ਤੋਂ ਵੱਧ ਗਿਰਫਤਾਰੀਆਂ ਹੋਈਆਂ ਅਤੇ ਬਾਬਾ ਜੀ ਤੇ ਕੁਝ ਮੁਸਾਫਰ ਬੱਚ ਨਿਕਲਣ ਵਿੱਚ ਸਫਲ ਹੋ ਗਏ।18 ਮਈ 2016 ਨੂੰ ਉਸ ਸਮੇਂ ਦੇ ਕਨੈਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਕਾਮਾਗਾਟਾ ਮਾਰੂ ਜਹਾਜ਼ ਨੂੰ ਉਸ ਵੇਲੇ ਦੀ ਸਰਕਾਰ ਵਲੋਂ ਵਾਪਸ ਭੇਜਣ ਦੇ ਸਬੰਧ ਵਿਚ ਭਾਰਤੀਆਂ ਤੋਂ ਮੁਆਫੀ ਮੰਗੀ।

**ਮਾਸਟਰ ਪਰਮ ਵੇਦ**
**ਤਰਕਸ਼ੀਲ ਆਗੂ**
**9417422349**

# ਜਿਲਾ ਪਟਿਆਲਾ ਦੇ ਪਿੰਡ ਬਠੋਈ ਕਲਾਂ ਦੇ ਜ਼ਮੀਨ ਦੇ ਮਾਮਲੇ ਵਿੱਚ ਐਸ. ਸੀ. ਕਮਿਸ਼ਨ ਦਾ ਚੇਅਰਮੈਨ ਗੂੰਗਾ ਕਿਉਂ-ਰਣਵੀਰ ਬੱਬਰ ਬਸਪਾ ਸਕੱਤਰ ਪੰਜਾਬ

**ਗੜ੍ਹਸ਼ੰਕਰ ( ਚਰਨਜੀਤ ਸੱਲ੍ਹਾਂ )** ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਜਿਲਾ ਪਟਿਆਲਾ ਦੇ ਪਿੰਡ ਬਠੋਈ ਕਲਾਂ ਦੇ ਜ਼ਮੀਨ ਦੇ ਮਾਮਲੇ ਤੇ ਐਸ. ਸੀ. ਕਮਿਸ਼ਨ ਦਾ ਚੇਅਰਮੈਨ ਚੁੱਪ ਕਿਉਂ? ਉਂਜ ਤਾਂ ਫੇਸਬੁੱਕ ਤੇ ਬੜੀਆਂ ਟਾਹਰਾਂ ਮਾਰੀਆਂ ਜਾ ਰਹੀਆਂ ਕਿ ਸ਼ਿਕਾਇਤਾਂ ਦਾ ਪਿਛਲਾ ਬੈਕਲਾਗ ਪੰਜ ਹਜ਼ਾਰ ਕੇਸਾਂ ਦਾ ਪੈਡਿੰਗ ਪਿਆ ਹੈ। ਪਰ ਮੈਂ ਬੜੀ ਤੇਜੀ ਨਾਲ ਨਿਪਟਾਰਾ ਸ਼ੁਰੂ ਕੀਤਾ ਹੋਇਆ ਹੈ। ਬਠੋਈ ਕਲਾਂ ਦਾ ਜ਼ਮੀਨ ਦਾ ਮਾਮਲਾ ਵੀ ਐਸ. ਸੀ. ਕਮਿਸ਼ਨ ਦੇ ਚੇਅਰਮੈਨ ਨੂੰ ਦੌੜਕੇ ਜਾਕੇ ਹੱਲ ਕਰਨਾ ਚਾਹੀਦਾ ਸੀ।

ਗੱਲ ਇੱਦਾਂ ਹੈ ਕਿ ਜਿਲਾ ਪਟਿਆਲਾ ਦੇ ਪਿੰਡ ਬਠੋਈ ਕਲਾਂ ਦੀ ਪੰਚਾਇਤ ਦੀ ਜ਼ਮੀਨ ਦੀ ਬੋਲੀ ਦਿੱਤੀ ਜਾਣੀ ਸੀ। ਬੋਲੀ ਦੀ ਸਰਕਾਰੀ ਫੀਸ ਸਾਢੇ ਗਿਆਰਾਂ ਲੱਖ ਰੁਪਏ ਜਮ੍ਹਾਂ ਕਰਵਾ ਲਈ ਗਈ । ਬੋਲੀ ਵਾਲੇ ਦਿਨ ਬੋਲੀ ਦੇਣ ਵਾਲੇ ਦਲਿਤਾਂ ਨੂੰ ਜ਼ਮੀਨ ਤਾਂ ਕੀ ਮਿਲਣੀ ਸੀ ਉਲਟਾ ਪ੍ਰਸ਼ਾਸਨ ਦੀ ਹਾਜਰੀ



ਵਿੱਚ ਲੋਕਾਂ ਦੀ ਕੁੱਟਮਾਰ ਕੀਤੀ ਤੇ ਦੋਸ਼ੀ ਅਜੇ ਤੱਕ ਫੜੇ ਨਹੀਂ ਗਏ। ਉਨ੍ਹਾਂ ਨਿਰਦੋਸ਼ ਲੋਕਾਂ ਦੀ ਬਾਂਹ ਬਹੁਜਨ ਸਮਾਜ ਪਾਰਟੀ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਫੜੀ। ਹੁਣ ਦੱਸੋ ਜੀ ਸਰਕਾਰ ਦਾ ਐਸ. ਸੀ. ਕਮਿਸ਼ਨ ਦਾ ਚੇਅਰਮੈਨ ਤੇ ਆਮ ਪਾਰਟੀ ਦੀ ਸਰਕਾਰ ਕਿੱਥੇ ਹੈ?

ਇਸ ਤੋਂ ਪਹਿਲਾਂ ਸੰਗਰੂਰ ਦੀ ਪੰਚਾਇਤੀ ਜ਼ਮੀਨ ਦੇ ਮਾਮਲੇ ਵਿੱਚ ਸਰਕਾਰ ਨੇ ਇੱਕ ਹਜ਼ਾਰ ਦੇ ਕਰੀਬ ਬੰਦੇ ,ਔਰਤਾਂ ਤੇ ਕੁੜੀਆਂ ਨੂੰ ਜੋ ਆਪਣੇ ਹਿੱਸੇ ਦੀ ਸਰਕਾਰੀ ਜ਼ਮੀਨ ਲੈਣ ਲਈ ਸ਼ੰਘਰਸ਼ ਕਰ ਰਹੇ ਸਨ, ਚੁੱਕਕੇ ਅੰਦਰ ਕਰ ਦਿੱਤਾਂ। ਉਨ੍ਹਾਂ ਨੂੰ ਜਾਕੇ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਨੇ ਛੁਡਾਇਆ। ਇਹ ਧੱਕਾ ਐਸ. ਸੀ ਕਮਿਸ਼ਨ ਦੇ ਚੇਅਰਮੈਨ ਨੂੰ ਨਜ਼ਰ ਕਿਉਂ ਨਹੀਂ ਆਉਂਦਾ?

ਇਸ ਸਰਕਾਰ ਨੂੰ ,ਕੀ ਆਮ ਆਦਮੀ ਦੀ ਸਰਕਾਰ ਕਿਹਾ ਜਾ ਸਕਦਾ ਹੈ ? ਜਿਥੇ ਇੱਕ ਵਿਸ਼ੇਸ਼ ਨਿਮਨ ਵਰਗ ਨਾਲ ਧੱਕਾ ਹੁੰਦਾ ਹੋਵੇ। ਇਸ ਜਿੰਮੇਵਾਰੀ ਨੂੰ ਬਹੁਜਨ ਸਮਾਜ ਪਾਰਟੀ ਬਾਖੂਬੀ ਨਿਭਾਏਗੀ। ਕਾਂਸ਼ੀ ਰਾਮ ਜੀ ਦਾ ਨਾਹਰਾ ਸੀ, ਜੋ ਅੱਜ ਭੀ ਹੈ ਕਿ ਜੋ ਜਮੀਨ ਸਰਕਾਰੀ ਹੈ, ਵੋ ਜਮੀਨ ਹਮਾਰੀ ਹੈ। ਇਸ ਨਾਹਰੇ ਤੇ ਬਹੁਜਨ ਸਮਾਜ ਪਾਰਟੀ ਲੜੇਗੀ। ਜਿਸ ਦੀ ਯੋਗ ਅਗਵਾਈ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਕਰਨਗੇ। ਪਿੰਡ ਬਠੂਲਾ ਕਲਾਂ ਦੇ ਦਲਿਤਾਂ ਨੂੰ ਇਨਸਾਫ ਦਿਵਾਇਆ ਜਾਵੇਗਾ। ਪੰਜਾਬ ਦਾ ਬਹੁਜਨ ਸਮਾਜ ਉਹਨਾਂ ਨਾਲ ਡੱਟਕੇ ਖੜ੍ਹਾ ਹੈ। ਟਾਹਰਾਂ ਮਾਰਨ ਵਾਲੇ ਚੈਅਰਮੈਨ ਤੋਂ ਪੈਡਿੰਗ ਪਈਆਂ ਫਾਇਲਾਂ ਚੋਂ 2027ਤੱਕ ਪੰਜਾਹ ਫਾਈਲਾਂ ਦਾ ਨਿਪਟਾਰਾ ਨਹੀਂ ਹੋਣਾ। 2027 ਵਿੱਚ ਸਰਕਾਰ ਦੀ ਰਾਮ ਨਾਮ ਸੱਤ ਹੋ ਜਾਣੀ ਹੈ, ਨਾਲ ਹੀ ਚੈਅਰਮੈਨੀ ਦਾ ਭੋਗ ਵੀ ਪੈ ਜਾਣਾ ਹੈ।

# *ਅਵਤਾਰ ਤਰਕਸ਼ੀਲ ਨਿਊਜ਼ੀਲੈਂਡ ਦਾ -ਪੁਸਤਕਾਂ ਦੇ ਸਹਿਯੋਗ ਲਈ ਧੰਨਵਾਦ (ਮਿੱਤਰ ਸੈਨ ਮੀਤ)













ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ, ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦੇ ਉਦੇਸ਼ ਨਾਲ ਜਿਹੜੀ ਮੁਹਿੰਮ ਵਿੱਢੀ ਗਈ ਹੈ ਉਸ ਤੋਂ ਪ੍ਰਭਾਵਿਤ ਹੋ ਕੇ *ਅਵਤਾਰ ਹੋਰਾਂ ਨੇ ਸਾਨੂੰ ਆਪਣੀਆਂ ਚਾਰ ਪੁਸਤਕਾਂ ਦੀਆਂ 25-25 ਕਾਪੀਆਂ (ਕੁੱਲ ਸੌ ਪੁਸਤਕਾਂ), ਵਿਦਿਆਰਥੀਆਂ ਨੂੰ ਦੇਣ ਲਈ ਭੇਜੀਆਂ ਹਨ। ਇਨ੍ਹਾਂ ਪੁਸਤਕਾਂ ਦੀ ਕੀਮਤ 22,250/ਰੁਪਏ ਬਣਦੀ ਹੈ। ਚਾਰ ਵਿੱਚੋਂ ਤਿੰਨ ਪੁਸਤਕਾਂ 'ਸਵੈ ਵਿਕਾਸ ਬਾਰੇ', 'ਮੋਟੀਵੇਸ਼ਨਲ ਤੇ ਹੋਰ ਲੇਖ' ਅਤੇ 'ਤਰਕਸ਼ੀਲਤਾ ਅਤੇ ਤੰਦਰੁਸਤੀ' ਉਹਨਾਂ ਦੀਆਂ ਆਪਣੀਆਂ ਲਿਖੀਆਂ ਹੋਈਆਂ ਹਨ ਅਤੇ ਚੌਥੀ ਪੁਸਤਕ 'ਮਜ਼ਦੂਰ ਤੋਂ ਅਰਬਪਤੀ ਬਣਨ ਦਾ ਸਫ਼ਰ' ਡਾ ਰਾਜਾ ਰਾਮ ਹੰਡਿਆਇਆ ਦੀ ਲਿਖੀ ਹੋਈ ਹੈ ਜੋ ਅਵਤਾਰ ਸਿੰਘ ਦੇ ਆਰਥਿਕ ਵਿਕਾਸ ਦੀ ਕਹਾਣੀ ਬਿਆਨ ਕਰਦੀ ਹੈ।

ਚਾਰੇ ਪੁਸਤਕਾਂ ਮਨੁੱਖ, ਖਾਸ ਕਰ ਵਿਦਿਆਰਥੀਆਂ ਨੂੰ ਸੰਘਰਸ਼ਸ਼ੀਲ ਜੀਵਨ ਜਿਉਣ ਲਈ ਪ੍ਰੇਰਦੀਆਂ ਹਨ। *ਆਸਾਨ ਭਾਸ਼ਾ ਵਿੱਚ ਲਿਖੀਆਂ ਇਹ ਪੁਸਤਕਾਂ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਦਾ ਕੰਮ ਕਰਨਗੀਆਂ।* ਸੰਸਥਾ ਅਵਤਾਰ ਤਰਕਸ਼ੀਲ ਦੇ ਨਾਲ ਨਾਲ ਅਵਤਾਰ ਨੂੰ ਇਸ ਕਾਰਜ਼ ਲਈ ਪ੍ਰੇਰਣ ਵਾਲੇ ਰਮੇਸ਼ਵਰ ਸਿੰਘ ਦੀ ਧੰਨਵਾਦੀ ਹੈ।

ਪੂਰੀ ਜਾਣਕਾਰੀ ਦਾ ਲਿੰਕ: **https://punjaibbpb.com/3365-2/**





# ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਜੀਂਦੋਵਾਲ ਵਿਖੇ 27 ਤਰੀਕ ਨੂੰ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ



**ਬੰਗਾ 23 ਜੁਲਾਈ( ਚਰਨਜੀਤ ਸੱਲ੍ਹਾਂ )** ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹੀਨਾਵਾਰ ਗੁਰ- ਮਤਿ ਸਮਾਗਮ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਪਾਤਸ਼ਾਹੀ ਛੇਵੀਂ ਜੀਂਦਵਾਲ ਬੰਗਾ ਵਿਖੇ ਸਮੂਹ ਸੰਗਤ ਵੱਲੋਂ 27 ਜੁਲਾਈ ਦਿਨ ਐਤਵਾਰ ਸ਼ਾਮ 6 ਤੋਂ 9 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਹ ਸਮਾਗਮ ਵਿੱਚ ਪੰਥ ਦੇ ਮਹਾਨ ਵਿਦਵਾਨ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਮੰਜੀ ਸਾਹਿਬ ਵਾਲੇ (ਸਾਬਕਾ ਹੈਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ) ਅਤੇ ਬੀਬੀ ਬਲਜਿੰਦਰ ਕੌਰ ਜੀ ਸ੍ਰੀ ਖਡੂਰ ਸਾਹਿਬ ਵਾਲੇ ਸੰਗਤਾਂ ਨੂੰ ਕਥਾ ਅਤੇ ਕੀਰਤਨ ਦੁਆਰਾ ਨਿਹਾਲ ਕਰਨਗੇ।

ਇਸ ਸਮੇਂ ਸਮਾਗਮ ਦਾ ਪੋਸਟਰ ਵੀ ਗੁਰਦੁਆਰਾ ਸਾਹਿਬ ਵਿਖੇ ਜਾਰੀ ਕੀਤਾ ਗਿਆ ਜਿਸ ਵਿੱਚ ਗਿਆਨੀ ਸਤਨਾਮ ਸਿੰਘ,ਭਾਈ ਓਕਾਰ ਸਿੰਘ,ਗਿਆਨੀ ਹਜੂਰ ਸਿੰਘ ਗ੍ਰੰਥੀ,ਮਨਜੀਤ ਸਿੰਘ ਬੰਗਾ ਹਰਪ੍ਰੀਤ ਸਿੰਘ ਬੀਬੀ ਤਜਿੰਦਰ ਕੌਰ, ਬੀਬੀ ਪਰਮਜੀਤ ਕੌਰ ਸਾਬਕਾ ਸਰਪੰਚ, ਬਲਵਿੰਦਰ ਸਿੰਘ ਹਰਬੰਸ ਸਿੰਘ ਪੰਚ, ਭਾਈ ਗੁਰਪ੍ਰੀਤ ਸਿੰਘ, ਬੀਬੀ ਸ਼ਰਨ ਕੌਰ, ਨਰੇਸ਼ ਮਜਾਰੀ, ਜੁਝਾਰ ਸਿੰਘ ਇੰਗਲੈਂਡ ਨਿਵਾਸੀ ਅਤੇ ਹੋਰ ਸੰਗਤਾਂ ਹਾਜ਼ਰ ਸਨ।

# ਸਰਕਾਰੀ ਜਬਰ ਦੇ ਵਿਰੁੱਧ 15 ਅਗਸਤ ਨੂੰ ਪਟਿਆਲਾ ਚ ਜਿਲਾ ਪੱਧਰੀ ਸੰਘਰਸ਼ ਦਾ ਐਲਾਨ: ਕਰੀਮਪੁਰੀ

**ਪਟਿਆਲਾ (ਚਰਨਜੀਤ ਸ¨ਲ੍ਹਾਂ )** ਅੱਜ ਜਿਲਾ ਪਟਿਆਲਾ ਦੇ ਪਿੰਡ ਬਠੋਈ ਕਲਾਂ ਵਿੱਚ ਦਲਤਾਂ ਤੇ ਹੋ ਰਹੇ ਜਬਰ ਬਾਰੇ ਪਟਿਆਲਾ ਜਿਲੇ ਦੀ ਲੀਡਰਸ਼ਿਪ ਅਤੇ ਵਿਧਾਨ ਸਭਾ ਹਲਕੇ ਦੇ ਪ੍ਰਧਾਨ ਅਤੇ ਬਠੋਈ ਦੀ ਸੰਗਤ ਨਾਲ ਪੰਜਾਬ ਬਸਪਾ ਦੀ ਲੀਡਰਸ਼ਿਪ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਪਾਰਟੀ ਵੱਲੋਂ 15 ਅਗਸਤ ਨੂੰ ਪਟਿਆਲਾ ਵਿਖੇ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਜ਼ਿਲਾ



ਪੱਧਰ ਤੇ ਇਹ ਕਹੀ ਆਜ਼ਾਦੀ? ਪ੍ਰੋਗਰਾਮ ਦਾ ਕੀਤਾ ਐਲਾਨ ਇਸ ਮੌਕੇ ਪਾਰਟੀ ਦੇ ਸਟੇਟ ਕੋਆਰਡੀਨੇਟਰ ਪਰਜਾਪਤੀ ਅਜੀਤ ਸਿੰਘ ਭੈਣੀ ਜੀ ਨੇ 15 ਅਗਸਤ ਦੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਇਹਨਾਂ ਤੋਂ ਇਲਾਵਾ ਸਟੇਟ ਦੇ ਉਪ ਪ੍ਰਧਾਨ ਬਲਦੇਵ ਸਿੰਘ ਮਹਿਰਾ ਜੀ ਅਤੇ ਸਟੇਟ ਜਨਰਲ ਸੈਕਟਰੀ ਯੋਗਾ ਸਿੰਘ ਪਨੋਊਂਦੀਆਂ ਜੀ ਅਤੇ ਪਾਰਟੀ ਦੀ ਹੋਰ ਸੀਨੀਅਰ ਲੀਡਰਸ਼ਿਪ ਵੀ ਮੌਜੂਦ ਸਨ।

# ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਸ੍ਰੀ ਗੁਰੂ ਰਵਿਦਾਸ ਬੇਗਮਪੁਰਾ ਸਦਨ ਖੁਰਾਲਗੜ ਸਾਹਿਬ ਵਿਖੇ ਕਾਰ ਸੇਵਾ ਸ਼ੁਰੂ

## ਵਿੱਦਿਆ ਦੇ ਚਾਨਣ ਮੁਨਾਰੇ ਮੰਦਿਰ ਉਸਾਰਨਾ ਹੀ ਸਮੇਂ ਦੀ ਮੁੱਖ ਲੋੜ: ਭੈਣ ਸੰਤੋਸ਼ ਕੁਮਾਰੀ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਸ੍ਰੀ ਗੁਰੂ ਰਵਿਦਾਸ ਸਦਨ ਖੁਰਾਲਗੜ ਸਾਹਿਬ ਵਿਖੇ ਦਰਸ਼ਨ ਦੀਦਾਰੇ ਕਰਨ ਆ ਰਹੀ ਸੰਗਤ ਦੀ ਸੁੱਖ ਸੁਵਿਧਾ ਲਈ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵਲੋਂ ਕਾਰ ਸੇਵਾ ਆਰੰਭ ਕੀਤੀ ਗਈ ਹੈ। ਵਿਸ਼ੇਸ਼ ਜਾਣਕਾਰੀ ਦਿੰਦਿਆਂ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਗੁਰੂ ਰਵਿਦ-ਾਸ ਸਾਧੂ ਸੰਪਰਦਾਇ ਸੁਸਾਇਟੀ, ਨੇ ਦੱਸਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਛੋਹ ਅਸਥਾਨਾਂ ਤੇ ਬਹੁਤ ਜਲਦ ਹੀ ਸੁਸਾਇਟੀ ਵਲੋਂ ਵੱਡੇ ਪ੍ਰੋਜੈਕਟ ਉਸਾਰੇ ਜਾਣਗੇ, ਜਿਸ ਵਿੱਚ ਬੱਚਿਆਂ ਲਈ ਸਿੱਖਿਆ, ਕੋਚਿੰਗ ਸੈਂਟਰ ਤੋਂ ਇਲਾਵਾ ਇਕ ਹਸਪਤਾਲ ਬਣਾਇਆ ਜਾਵੇਗਾ, ਜਿਥੇ ਲੋੜਵੰਦ ਲੋਕਾਂ ਨੂੰ ਇਲਾਜ ਕਰਾਉਣ ਦੀ ਸੁਵਿਧਾ ਪ੍ਰਾਪਤ ਹੋਵੇਗੀ। ਉਨਾਂ ਦੱਸਿਆ ਕਿ ਸੁਸਾਇਟੀ ਵਲੋਂ ਬੇਗਮਪੁਰਾ ਨਿਰਮਲਾ ਛਾਉਣੀ ਆਸ਼ਰਮ ਹਰਿਦੁਆਰ , ਸ੍ਰੀ ਗੁਰੂ ਰਵਿਦ-ਾਸ ਪਬਲਿਕ ਸਕੂਲ ਚੂਹੜਵਾਲੀ ਦੇ ਨਾਲ ਨਾਲ ਸ੍ਰੀ ਗੁਰੂ ਰਵਿਦ-



ਾਸ ਬੇਗਮਪੁਰਾ ਸਦਨ ਖੁਰਾਲਗੜ ਸਾਹਿਬ ਨੂੰ ਸੰਗਤਾਂ ਲਈ ਵਧੀਆ ਤਰੀਕੇ ਨਾਲ ਤਿਆਰ ਕਰਕੇ ਸਮਰਪਿਤ ਕੀਤਾ ਜਾ ਰਿਹਾ ਹੈ।ਇਸ ਮੌਕੇ ਸੰਤ ਨਿਰਮਲ ਦਾਸ , ਨੇ ਦੱਸਿਆ ਕਿ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਅਤੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ ਵਾਲੇ ਮਹਾਂਪੁਰਸ਼ਾਂ ਦੀ ਅਗਵਾਈ ਹੇਠ ਸਾਰੇ ਪ੍ਰੋਜੈਕਟਾਂ ਤੇ ਸੰਗਤ ਦੀ ਸੁਵਿਧਾ ਲਈ ਨਵ ਉਸਾਰੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਇਨ੍ਹਾਂ ਪਵਿੱਤਰ ਇਤਿਹਾਸਕ ਅਸਥਾਨਾਂ ਤੇ ਦਰਸ਼ਨ ਦੀਦਾਰੇ ਕਰਨ ਜਾਣ ਵਾਲੀਆਂ ਸੰਗਤਾਂ ਨੂੰ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ। ਇਸ ਮੌਕੇ ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਨੇ ਕਿਹਾ ਕਿ ਸੁਸਾਇਟੀ ਵਲੋਂ ਬੱਚਿਆਂ ਨੂੰ ਚੰਗੀ ਸਿੱਖਿਆ ਪ੍ਰਦਾਨ ਕਰਾਉਣ ਲਈ ਉਸਾਰੂ ਯਤਨ ਕੀਤੇ ਜਾ ਰਹੇ ਹਨ। ਉਨਾਂ ਕਿਹਾ ਸਿੱਖਿਅਤ ਸਮਾਜ ਹੀ ਖੁਸ਼ਹਾਲ ਅਤੇ ਤਰੱਕੀ ਦੀਆਂ ਮੰਜਿਲਾਂ ਨੂੰ ਸਰ ਕਰ ਸਕਦਾ ਹੈ। ਉਨਾਂ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਵਰਗੇ ਵਿੱਦਿਆ ਦੇ ਚਾਨਣ ਮੁਨਾਰੇ ਮੰਦਿਰ ਉਸਾਰਨਾ ਹੀ ਸਮੇਂ ਦੀ ਮੁੱਖ ਲੋੜ ਹੈ ਜਿਸ ਲਈ ਪੜੇ ਲਿਖੇ,ਬੁੱਧੀਜੀਵੀ ਵਰਗ ਨੂੰ ਰਹਿਬਰਾਂ ਦੇ ਸੁਪਨੇ ਪੂਰੇ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

**ਫੋਟੋ : ਅਜਮੇਰ ਦੀਵਾਨਾ**

# ਐਸਐਸਪੀ ਹਰਮਨਦੀਪ ਸਿੰਘ ਹੰਸ ਦੀ ਮਹਿੰਨਤ ਨਾਲ ਮੋਹਾਲੀ ਵਿੱਚ ਤੇਜ਼ੀ ਨਾਲ ਘਟਿਆ ਅਪਰਾਧ: ਨਿਸ਼ਾਂਤ ਸ਼ਰਮਾ

## ਗੈਂਗਸਟਰਾਂ, ਬਦਮਾਸ਼ਾਂ ਅਤੇ ਨਸ਼ਾ ਤਸਕਰਾਂ ਖਿਲਾਫ਼ ਲੈ ਰਹੇ ਨੇ ਵੱਡਾ ਐਕਸ਼ਨ : ਲਖਵੀਰ ਵਰਮਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਸ਼ਿਵ ਸੈਨਾ ਹਿੰਦ ਵਲੋਂ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ ਮੀਟਿੰਗ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਨਿਸ਼ਾਂਤ ਸ਼ਰਮਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉੱਤਰ ਭਾਰਤ ਦੇ ਪ੍ਰਧਾਨ ਲਖਵੀਰ ਵਰਮਾ, ਮੀਡੀਆ ਸਲਾਹਕਾਰ ਰਾਜਿੰਦਰ ਧਾਰੀਵਾਲ ਲੀਗਲ ਸੈੱਲ ਪੰਜਾਬ ਦੇ ਪ੍ਰਧਾਨ ਐਡਵੋਕੇਟ ਕੇਤਨ ਸ਼ਰਮਾ ਵੀ ਮੌਜੂਦ ਸਨ। ਇਸ ਮੌਕੇ ਨਿਸ਼ਾਂਤ ਸ਼ਰਮਾ ਨੇ ਮੋਹਾਲੀ ਦੇ ਐਸਐਸਪੀ ਹਰਮਨਦੀਪ ਸਿੰਘ ਹੰਸ ਦੀ ਸਰਾਹਣਾ ਕਰਦਿਆਂ ਕਿਹਾ ਕਿ ਜਦੋਂ ਤੋਂ ਐਸਐਸਪੀ ਹੰਸ ਨੇ ਮੋਹਾਲੀ ਦੀ ਜ਼ਿੰਮੇਵਾਰੀ ਸੰਭਾਲੀ ਹੈ, ਉਦੋਂ ਤੋਂ ਇੱਥੇ ਅਪਰਾਧ ਦੀ ਦਰ ਤੇਜ਼ੀ ਨਾਲ ਘੱਟਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਮੋਹਾਲੀ ਪੰਜਾਬ ਦਾ ਉਹ ਜ਼ਿਲਾ ਹੈ ਜਿੱਥੇ ਹੋਰ ਜ਼ਿਲਿਆਂ ਦੀ ਤੁਲਨਾ ਵਿੱਚ ਅਪਰਾਧ ਵੱਧੇ ਪੱਧਰ 'ਤੇ ਘਟਿਆ ਹੈ। ਉਨ੍ਹਾਂ ਕਿਹਾ ਕਿ ਐਸਐਸਪੀ ਹਰਮਨਦੀਪ ਸਿੰਘ ਹੰਸ ਜਿਸ ਵੀ ਜ਼ਿਲੇ 'ਚ ਡਿਊਟੀ ਕਰਦੇ ਹਨ, ਉੱਥੇ ਸੱਟੇਬਾਜ਼ਾਂ, ਨਸ਼ਾ ਤਸਕਰਾਂ, ਤੇ ਗੁੰਡਾ ਤੱਤਾਂ ਦੀਆਂ ਮੁਸ਼ਕਲਾਂ ਵੱਧ ਜਾਂਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਇਹ ਅਧਿਕਾਰੀ ਕਿਸੇ ਅਪਰਾਧੀ ਨੂੰ ਬਖ਼ਸ਼ਦੇ ਨਹੀਂ। ਉਨ੍ਹਾਂ ਕਿਹਾ ਕਿ ਹੰਸ ਨੇ ਪਿਛਲੇ ਜ਼ਿਲਿਆਂ 'ਚ ਵੀ ਵੱਡੇ ਕੇਸ ਹੱਲ ਕੀਤੇ ਹਨ ਅਤੇ ਨਸ਼ਾ ਵਿਰੁੱਧ ਮੁਹਿੰਮ ਵਿੱਚ ਅਹਮ ਭੂਮਿਕਾ ਨਿਭਾਈ ਹੈ। ਹੁਣ ਮੁਹਾਲੀ 'ਚ ਵੀ ਉਨ੍ਹਾਂ ਨੇ ਕਈ ਗੈਂਗਸਟਰਾਂ ਅਤੇ ਨਸ਼ਾ ਤਸਕਰਾਂ ਨੂੰ ਸਲਾਖਾਂ ਦੇ ਪਿੱਛੇ ਪਹੁੰਚਾਇਆ ਹੈ।ਉਨ੍ਹਾਂ ਕਿਹਾ ਕਿ ਹੰਸ ਨੇ ਕਈ ਸਖਤ ਕਦਮ ਚੁੱਕ ਕੇ ਨਸ਼ਾ ਵਿਰੋਧੀ ਅਭਿਆਨ ਨੂੰ ਤੇਜ਼ ਕੀਤਾ ਹੈ। ਜਿਸ ਕਰਕੇ



ਬਹੁਤ ਸਾਰੇ ਨਸ਼ਾ ਤਸਕਰਾਂ ਦੀ ਹਿੱਕ ਟੁੱਟੀ ਹੈ। ਇਸ ਮੌਕੇ ਲਖਵੀਰ ਵਰਮਾ, ਰਾਜਿੰਦਰ ਧਾਰੀਵਾਲ ਅਤੇ ਐਡਵੋਕੇਟ ਕੇਤਨ ਸ਼ਰਮਾ ਨੇ ਕਿਹਾ ਕਿ ਚੋਰੀ, ਲੁੱਟਪਾਟ ਆਦਿ ਦੇ ਅਪਰਾਧੀਆਂ 'ਚ ਵੀ ਐਸਐਸਪੀ ਦੇ ਖ਼ੌਫ਼ ਕਾਰਨ ਡਰ ਦਾ ਮਾਹੌਲ ਬਣਿਆ ਹੋਇਆ ਹੈ ਉਨ੍ਹਾਂ ਕਿਹਾ ਕਿ ਸਕੂਲ ਤੇ ਕਾਲਜ ਜਾਂਦੀਆਂ ਕੁੜੀਆਂ ਨੂੰ ਛੇੜਨ ਵਾਲੇ ਲੜਕਿਆਂ ਉੱਤੇ ਵੀ ਐਸਐਸਪੀ ਦੇ ਹੁਕਮਾਂ ਅਨੁਸਾਰ ਸਖ਼ਤੀ ਨਾਲ ਨਕੇਲ ਪਾਈ ਜਾ ਰਹੀ ਹੈ, ਜੋ ਕਿ ਬੇਹੱਦ ਸਰਾਹਣਯੋਗ ਕੰਮ ਹੈ। ਨਿਸ਼ਾਂਤ ਸ਼ਰਮਾ ਨੇ ਕਿਹਾ ਕਿ ਸਾਨੂੰ ਪੂਰਾ ਭਰੋਸਾ ਹੈ ਕਿ ਐਸਐਸਪੀ ਹੰਸ ਮੋਹਾਲੀ 'ਚ ਜੁਰਮ ਦੇ ਗ੍ਰਾਫ ਨੂੰ ਹੋਰ ਵੀ ਤੇਜ਼ੀ ਨਾਲ ਘਟਾਉਣਗੇ। ਉਨ੍ਹਾਂ ਕਿਹਾ ਕਿ ਹੁਣ ਜ਼ਿਲ੍ਹੇ ਵਿਚ ਠੱਗ ਟਰੈਵਲ ਏਜੰਟ, ਜੁਆਰੀ, ਗੁੰਡੇ, ਲੁਟੇਰੇ, ਤੇ ਸੱਟਾ ਖਿਲਾਫ਼ ਕਾਲਾ ਕਾਰੋਬਾਰ ਕਰਨ ਵਾਲਿਆਂ ਦੀ ਖੈਰ ਨਹੀਂ ਰਹੇਗੀ। ਉਨ੍ਹਾਂ ਕਿਹਾ ਕਿ ਇਹ ਜੁਆਰੀਆਂ ਵੱਲੋਂ ਖਾਸ ਕਰਕੇ ਤਿਉਹਾਰਾਂ 'ਚ ਗਰੀਬਾਂ ਨੂੰ ਲਾਲਚ ਦੇ ਕੇ ਸੱਟੇ ਦੇ ਦਲਦਲ 'ਚ ਫਸਾਇਆ ਜਾਂਦਾ ਹੈ, ਪਰ ਐਸਐਸਪੀ ਹੰਸ ਦੀ ਕਾਰਵਾਈ ਕਾਰਨ ਹੁਣ ਉਹ ਆਪਣੇ ਮਨਸੂਬਿਆਂ 'ਚ ਕਾਮਯਾਬ ਨਹੀਂ ਹੋਣਗੇ।

ਉਨ੍ਹਾਂ ਆਖਿਆ ਕਿ ਐਸਐਸਪੀ ਹੰਸ ਦੀ ਵਧੀਆ ਕਾਰਗੁਜ਼ਾਰੀ ਕਰਕੇ ਜਿੱਥੇ ਵੀ ਉਹ ਰਹੇ ਹਨ, ਉੱਥੇ ਅਪਰਾਧ ਘਟੇ ਹਨ। ਕਤਲ, ਲੁੱਟ, ਡਕੈਤੀ ਆਦਿ ਵਾਂਗ ਸੰਘਣੇ ਜੁਰਮ ਵੀ ਘੱਟ ਹੋਏ ਹਨ। ਉਨ੍ਹਾਂ ਆਖਿਆ ਕਿ ਅਸੀਂ ਉਮੀਦ ਕਰਦੇ ਹਾਂ ਕਿ ਐਸਐਸਪੀ ਹੰਸ ਅੱਗੇ ਵੀ ਇੰਨੇ ਹੀ ਮੁਸਤੇਦੀ ਨਾਲ ਆਪਣਾ ਫਰਜ਼ ਨਿਭਾਉਂਦੇ ਰਹਿਣਗੇ ਅਤੇ ਜਨਤਾ ਦੀਆਂ ਸਮੱਸਿਆਵਾਂ ਨੂੰ ਵੀ ਪਹਿਲ ਦੇ ਕੇ ਹੱਲ ਕਰਦੇ ਰਹਿਣਗੇ।

**ਫੋਟੋ ਅਜਮੇਰ ਦੀਵਾਨਾ**

## ਚੰਦਰ ਸ਼ੇਖਰ ਆਜ਼ਾਦ ਜਨਮ ਦਿਵਸ

ਤੂੰ ਸਦਾ ਆਜ਼ਾਦ ਰਿਹਾ
ਤੇ ਸਦਾ ਆਜ਼ਾਦ ਰਹੇਂਗਾ।
ਲੋਕਾਂ ਨੂੰ ਰਹਿੰਦੀ ਦੁਨੀਆਂ
ਤਾਈਂ ਤੂੰ ਯਾਦ ਰਹੇਂਗਾ ।
ਭਾਵੇਂ ਸਭ ਨੇ ਇੱਕ ਦਿਨ
ਅਪਣੀ ਮੌਤੇ ਮਰ ਜਾਣੈਂ ;
ਪਰ ਤੂੰ ਤਾਂ ਜਿਉਂਦਾ ,
ਸਾਡੇ ਤੋਂ ਵੀ ਬਾਅਦ ਰਹੇਂਗਾ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## ਦੁਨੀਆਂ ਤੇ ਲੱਖਾਂ ਚਿਹਰੇ

ਦੁਨੀਆਂ ਤੇ ਲੱਖਾਂ ਚਿਹਰੇ,
ਤੇਰੇ ਚਿਹਰੇ ਵਰਗਾ ਨੂਰ ਨਹੀਂ ਸੱਜਣਾ।
ਦਿਲ ਤੈਨੂੰ ਦੇਖਕੇ ਧੜਕਦਾ ਹੈ,
ਤੇਰੇ ਵਰਗਾ ਕੋਈ ਹੋਰ ਨਹੀਂ ਸੱਜਣਾ।
ਦਿਲ ਵਿੱਚ ਤੈਨੂੰ ਪਾਉਣ ਦੀ ਤਮੰਨਾ,
ਪਰ, ਕਿਸਮਤ ਤੇ ਕੋਈ ਜੋਰ ਨੀ ਸੱਜਣਾ।
ਜੱਗ ਦੇ ਅੰਦਰ ਕਿੰਨਾ ਰੌਲਾ,
ਪਰ, ਸਮੁੰਦਰ ਜਿੰਨਾ ਸ਼ੋਰ ਨੀ ਸੱਜਣਾ।
ਤੈਨੂੰ ਅਸੀਂ ਐਨਾ ਹਾਂ ਚਾਹੁੰਦੇ,
ਜਿਵੇਂ ਫੁੱਲ ਨੂੰ ਚਾਹੇ ਭੌਰ ਸੱਜਣਾ।
ਮੇਰੇ ਵੀ ਜਜ਼ਬਾਤ ਸਮਝ ਲੈ,
ਮੇਰੀ ਗੱਲ ਤੇ ਕਰ ਲੈ ਗੌਰ ਵੇ ਸੱਜਣਾ।



**ਸੀਮਾ ਰਾਣੀ**
**ਬਰਨਾਲਾ।**

## ਦ੍ਰਿਸ਼- ਗੁਰੂਦੁਆਰਾ ਕਮੇਟੀ ਦੀ ਚੋਣ?

ਲੱਗੀ ਅੱਜ ਹੋਣ ਜੀ।
ਕਮੇਟੀ ਵਾਲੀ ਚੋਣ ਜੀ।

ਹੋ ਗਿਆ ਇੱਕਠ ਹੈ।
ਨਾ ਕੋਈ ਢਿੱਲ-ਮੱਠ ਹੈ।

ਰੋਲ਼ਾ ਰੱਪਾ ਪੈ ਰਿਹਾ।
ਕੋਈ ਸੁਣ ਰਿਹਾ ਜਾਂ ਕਹਿ ਰਿਹਾ।

ਕੁਝ ਸ਼ਾਂਤੀ ਜਿਹੀ ਹੋਈ ਹੈ।
ਮਾਈਕ ਤੇ ਆਇਆ ਕੋਈ ਹੈ।

ਉਹ..! ਸਟੇਜ-ਸੈਕਟਰੀ ਸਾਹਬ ਨੇ।
ਕੁੱਝ ਕਹਿ ਰਹੇ ਜਨਾਬ ਨੇ।

ਸੁਣੋ ਤਾਂ ਕੀ ਨੇ ਕਹਿ ਰਹੇ।
ਕੋਈ ਲਿਸਟ ਜਹੀ ਨੇ ਲੈ ਰਹੇ।

"ਕਰੋ ਗੁਰ-ਫਤਿਹ ਪ੍ਰਵਾਨ ਜੀ।
ਤੇ ਸੁਣੋ ਨਾਲ ਧਿਆਨ ਜੀ।

ਕੀਹਦੀ ਕੀ ਅਹੁਦੇਦਾਰੀ ਐ ?
ਜਾਂ ਕਿਹੜੀ ਜਿੰਮੇਵਾਰੀ ਐ ?

ਲਉ ਨਾਮ ਕਰੋ ਨੋਟ ਜੀ।
ਹੈ ਸਾਹਮਣੇ ਰਿਪੋਰਟ ਜੀ।

ਪ੍ਰਧਾਨ ਜੀ ਨੇ ...ਚਾਵਲਾ।
ਤੇ ਮੀਤ- ਹਨ ...ਪਾਬਲਾ।

ਸਕੱਤਰ ਜੀ ... ਚਾਹਲ ਨੇ।
ਜੋਆਂਇੰਟ ਨਾਲ ...ਮਾਹਲ ਨੇ।

ਖਜ਼ਾਨਚੀ ਨੇ ...ਮਾਨ ਜੀ।
ਤੇ ਉਪ- ਨੇ ...ਚੌਹਾਨ ਜੀ।

ਪ੍ਰਾਪੇਗੰਡਾ ਪਾਹਵਾ ਜੀ
ਤੇ ਚੇਅਰਮੈਨ ਰੰਧਾਵਾ ਜੀ।

ਕੈਂਥ, ਲੋਟੇ, ਕਾਹਰੀ ਜੀ।
ਨੇ ਸਾਰੇ ਕਾਰਜਕਾਰੀ ਜੀ।"

ਕੀਤਾ ਜੀ ਮਤਾ ਪਾਸ ਹੈ।
ਤੇ ਕਰ ਦਿੱਤੀ ਅਰਦਾਸ ਹੈ।

ਫਿਰ ਹੁਕਮਨਾਮਾ ਜੋ ਲਿਆ।
ਕੁਦਰਤੀਂ ਉਹ 'ਚ ਇਹ ਕਿਹਾ।
*ਕਿ:-*
'ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ।
ਇਸੁ ਗਰਬ ਤੇ ਚਲਹਿ ਬਹੁਤ ਵਿਕਾਰਾ॥'



**ਰੋਮੀ ਘੜਾਮਾਂ**
9855281105

## ਕਰ ਸਰਚ ਜਵਾਨਾਂ

ਸਿੱਖਾਂ ਤੋਂ ਸਿੱਖ ਮਰਵਾਉਣ ਵਾਲਾ
ਨਸਲਾਂ ਤੇ ਤੀਰ,ਚਲਾਉਣ ਵਾਲਾ
ਕਰ ਸਰਚ ਜਵਾਨਾਂ ਕਿਹੜਾ ਹੈ !
ਅਨੰਦਪੁਰ ਜਿਸ ਦੀ ਅੱਖ ਰੜਕੇ
ਆਕਾਲ ਤਖ਼ਤ ਤੋਂ ਤੱਕ ਖੜ ਕੇ
ਉਸਦਾ ਹੋਰ ਨਿਸ਼ਾਨਾਂ ਕਿਹੜਾ ਹੈ ?
ਕਰ ਸਰਚ ਜਵਾਨਾਂ ਕਿਹੜਾ ਹੈ ?
ਸਾਡਾ ਅੰਦਰੋਂ ਦੁਸ਼ਮਣ ਕਿਹੜਾ ਹੈ ?
ਪਤਨ ਸਿੱਖ ਰਾਜ ਦਾ ਕੀਤਾ ਕਿਸ ਨੇ
ਇੰਝ ਘਾਣ ਸਿੱਖੀ ਦਾ ਕੀਤਾ ਕਿਸ ਨੇ
ਕਰਦੈ ਕਿਰਦਾਰ ਕੁਸ਼ੀ ਸਰਦਾਰਾਂ ਦੀ
ਓਹ ਸ਼ਾਹੀ ਅਫ਼ਸਾਨਾ ਕਿਹੜਾ ਹੈ ?
ਕਰ ਸਰਚ ਜਵਾਨਾਂ ਕਿਹੜਾ ਹੈ ?
ਉਸਦਾ ਹੋਰ ਨਿਸ਼ਾਨਾਂ ਕਿਹੜਾ ਹੈ ?
ਇਸ ਤੋਂ ਪਹਿਲਾਂ ਕਿ ਇਤਿਹਾਸ ਬਦਲ ਦੇਵਣ
ਓਹ ਤੌਰ -ਤਰੀਕੇ, ਢੰਗ ਖਾਸ਼ ਬਦਲ ਦੇਵਣ
ਓਹ ਭਾਂਪ ਇਰਾਦੇ ਜੱਗਰ ਕਰਦੇ
ਵੰਸ ਇਹੇ, ਰੱਤ ਅਫ਼ਗਾਨਾਂ ਕਿਹੜਾ ਹੈ ?
ਕਰ ਸਰਚ ਜਵਾਨਾਂ ਕਿਹੜਾ ਹੈ ?
ਦੁਸ਼ਮਣ ਦਾ ਹੋਰ ਨਿਸ਼ਾਨਾਂ ਕਿਹੜਾ ਹੈ ?
ਮਾਰ ਜਾਏ ਨਾ ਖੰਜ਼ਰ ਚਾਤੁਰ ਚਲਾਕ ਕਿਤੇ
ਲਵਾਰਿਸ ਲਾਸ਼ਾਂ ਵਾਂਗ ਨਾ ਕਰਦੇ ਖ਼ਾਕ ਕਿਤੇ
ਸੰਨ ਚੁਰਾਸੀ ਵਰਗਾ ਦੌਰ ਏ ਨਸ਼ਿਆਂ ਦਾ
ਆਇਆ ਲੈ ਮਹਿਖਾਨਾਂ ਕਿਹੜਾ ਹੈ ?
ਕਰ ਸਰਚ ਜਵਾਨਾਂ ਕਿਹੜਾ ਹੈ ?
ਅਗ਼ਲਾ ਹੋਰ ਨਿਸ਼ਾਨਾਂ ਕਿਹੜਾ ਹੈ ?
ਲੁੱਟ ਰਿਹੈ ਜੋ ਜਬਰੀ ਧਰਤੀ ਪੰਜ ਦਰਿਆਵਾਂ ਦੀ
ਚੀਕ ਨਹੀਂ ਸੁਣਦੀ "ਰੇਤਗੜ੍ਹ" ਜੀਹਨੂੰ ਮਾਵਾਂ ਦੀ
ਸੁੱਤੇ ਸ਼ੇਰ ਜਗਾ ਰਿਹੈ " ਬਾਲੀ" ਜੋ
ਓਹ ਪਾਗਲਖਾਨਾ ਕਿਹੜਾ ਹੈ ?
ਕਰ ਰਹੇ ਜਵਾਨਾਂ ਕਿਹੜਾ ਹੈ ?
ਉਸਦਾ ਹੋਰ ਨਿਸ਼ਾਨਾਂ ਕਿਹੜਾ ਹੈ ?



**ਬਲਜਿੰਦਰ ਸਿੰਘ "ਬਾਲੀ ਰੇਤਗੜ੍ਹ "**
9465129168



# ਕੀ ਸਮੋਸੇ, ਜਲੇਬੀਆਂ ਛੋਲੇ ਭਟੂਰੇ ਸਾਡੀਆਂ ਪਲੇਟਾਂ 'ਚ ਨਿਰਾ ਮਿੱਠਾ ਜ਼ਹਿਰ ਹਨ?

ਅੱਜ ਦੇ ਸੰਸਾਰ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਬਹੁਤ ਮਹੱਤਵਪੂਰਨ ਹੋ ਗਈ ਹੈ ਕਿਉਂਕਿ ਜੀਵਨ ਸ਼ੈਲੀ ਦੀਆਂ ਬਿਮਾਰੀਆਂ ਅਤੇ ਮੋਟਾਪੇ ਦੀ ਦਰ ਲਗਾਤਾਰ ਵੱਧ ਰਹੀ ਹੈ। ਮਨੁੱਖੀ ਸਿਹਤ ਨੂੰ ਖਤਰੇ ਵਿੱਚ ਪਾਉਣ ਵਾਲੀਆਂ ਬਹੁਤ ਸਾਰੀਆਂ ਖੁਰਾਕੀ ਆਦਤਾਂ ਵਿੱਚੋਂ, ਪ੍ਰਸਿੱਧ ਭਾਰਤੀ ਸਨੈਕਸ ਅਤੇ ਮਿਠਾਈਆਂ ਜਿਵੇਂ ਕਿ ਸਮੋਸੇ, ਜਲੇਬੀਆਂ ਅਤੇ ਰਸਗੁੱਲੇ ਗੁਲਾਬ ਜਾਮੁਨ, ਅਤੇ ਬਰਫ਼ੀ ਛੋਲੇ ਭਟੂਰਿਆਂ ਦਾ ਬਹੁਤ ਵੱਧ ਰਿਹਾ ਸੇਵਨ ਖੰਡ ਅਤੇ ਤੇਲ ਇਕ ਤਰ੍ਹਾਂ ਨਾਲ ਨਿਰਾ ਜਖਹਿਰ ਅਸੀਂ ਰੋਜ਼ਾਨਾਂ ਪਲੇਟਾ ਭਰ - ਭਰ ਕੇ ਖਾਂਦੇ ਹਾਂ। ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਵਧਾ ਰਿਹਾ ਹੈ ਅਤੇ ਲੰਬੇ ਸਮੇਂ ਦੇ ਸਿਹਤ ਜੋਖਮਾਂ ਵਿੱਚ ਯੋਗਦਾਨ ਪਾ ਰਿਹਾ ਹੈ।

ਜਦੋਂ ਕਿ ਛੋਲੇ ਸਿਹਤ ਲਈ ਲਾਭ ਪ੍ਰਦਾਨ ਕਰਦੇ ਹਨ, ਇਸ ਦੇ ਨਾਲ ਭਟੂਰੇ ਕਾਫ਼ੀ ਗੈਰ-ਸਿਹਤਮੰਦ ਹੁੰਦਾ ਹੈ। ਭਟੂਰੇ ਮੈਦੇ ਦੇ ਆਟੇ ਦੀ ਵਰਤੋਂ ਕਰਕੇ ਤਿਆਰ ਕੀਤੇ ਜਾਂਦੇ ਹਨ ਅਤੇ ਤੇਲ ਵਿੱਚ ਤਲੇ ਜਾਂਦੇ ਹਨ। ਪਕਵਾਨ ਤੇਲ ਨਾਲ ਇੰਨਾ ਸੰਤ੍ਰਿਪਤ ਹੁੰਦਾ ਹੈ ਕਿ ਇਸਦੀ ਸਤ੍ਹਾ ਚਮਕਦੀ ਹੈ, ਅਤੇ ਇਸਦਾ ਸੇਵਨ ਕਰਦੇ ਸਮੇਂ, ਤੁਹਾਨੂੰ ਅਜਿਹਾ ਮਹਿਸੂਸ ਹੋ ਸਕਦਾ ਹੈ ਜਿਵੇਂ ਤੁਸੀਂ ਆਪਣੇ ਖਾਣੇ ਦੇ ਨਾਲ ਤੇਲ ਪੀ ਰਹੇ ਹੋ। ਵਿਕਰੇਤਾਵਾਂ ਦੁਆਰਾ ਤਲਣ ਲਈ ਵਰਤਿਆ ਜਾਣ ਵਾਲਾ ਤੇਲ ਘਟੀਆ ਗੁਣਵੱਤਾ ਦਾ ਹੈ। ਜਿਸ ਨੂੰ ਵਾਰ ਵਾਰ ਵਰਤਣ ਨਾਲ ਬਿਮਾਰੀਆਂ ਦਾ ਘਰ ਬਣਦਾ ਹੈ। ਇਹ ਭੋਜਨ, ਹਾਲਾਂਕਿ ਸਾਡੇ ਸੱਭਿਆਚਾਰ ਵਿੱਚ ਡੂੰਘਾਈ ਨਾਲ ਜੜ੍ਹੇ ਹੋਏ ਹਨ ਅਤੇ ਆਪਣੇ ਸੁਆਦ ਲਈ ਬਹੁਤ ਪਿਆਰੇ ਦੁਲਾਰੇ- ਲਾਜ਼ੀਜ਼ ਹੁੰਦੇ ਹਨ ਪਰ ਖੰਡ, ਤੇਲ ਅਤੇ ਟ੍ਰਾਂਸ ਫੈਟ ਦੀ ਬਹੁਤ ਜ਼ਿਆਦਾ ਸਮੱਗਰੀ ਦੇ ਕਾਰਨ ਗੰਭੀਰ ਸਿਹਤ ਜੋਖਮ ਪੈਦਾ ਕਰ ਰਹੇ ਹਨ। ਹੁਣ ਇਹ ਗੱਲ ਵਿਆਪਕ ਤੌਰ 'ਤੇ ਮੰਨੀ ਜਾਂਦੀ ਹੈ ਕਿ ਭਾਵੇਂ ਇਹ ਚੀਜ਼ਾਂ ਸੁਆਦ ਦੀਆਂ ਮੁਕੁਲਾਂ ਨੂੰ ਪਲ ਭਰ ਲਈ ਖੁਸ਼ੀ ਦਿੰਦੀਆਂ ਹਨ, ਪਰ ਨਿਯਮਿਤ ਤੌਰ 'ਤੇ ਅਤੇ ਜ਼ਿਆਦਾ ਮਾਤਰਾ ਵਿੱਚ ਖਾਣ 'ਤੇ ਮਨੁੱਖੀ ਸਰੀਰ ਨੂੰ ਲੰਬੇ ਸਮੇਂ ਲਈ ਨੁਕਸਾਨ ਪਹੁੰਚਾ ਰਹੀਆਂ ਹਨ। ਹਾਲੀਆ ਅਧਿਐਨਾਂ ਅਤੇ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਜੇਕਰ ਅਜਿਹੇ ਸਨੈਕਸ - ਮਠਿਆਇਆਂ ਅਕਸਰ ਲਏ ਜਾਂਦੇ ਹਨ, ਤਾਂ ਇਹ ਤੰਬਾਕੂ ਅਤੇ ਸਿਗਰਟ ਵਾਂਗ ਹੀ ਮਨੁੱਖੀ ਸਿਹਤ ਲਈ ਨੁਕਸਾਨਦੇਹ ਹੋ ਸਕਦੇ ਹਨ। ਤੁਲਨਾ ਹੈਰਾਨੀਜਨਕ ਲੱਗ ਸਕਦੀ ਹੈ, ਪਰ ਜਦੋਂ ਕੋਈ ਇਨ੍ਹਾਂ ਚੀਜ਼ਾਂ ਵਿੱਚ ਮੌਜੂਦ ਗੈਰ-ਸਿਹਤਮੰਦ ਚਰਬੀ ਅਤੇ ਸ਼ੱਕਰ ਦੀ ਭਾਰੀ ਮਾਤਰਾ ਅਤੇ ਮੋਟਾਪਾ, ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ ਦੇ ਸੰਬੰਧਿਤ ਜੋਖਮਾਂ 'ਤੇ ਵਿਚਾਰ ਕਰਦਾ ਹੈ, ਤਾਂ ਖ਼ਤਰਾ ਸਪੱਸ਼ਟ ਹੋ ਜਾਂਦਾ ਹੈ।

ਭਾਰਤ ਸਰਕਾਰ ਨੇ ਇਸ ਵਧਦੀ ਸਿਹਤ ਚਿੰਤਾ ਦਾ ਨੋਟਿਸ ਲਿਆ ਹੈ ਅਤੇ ਆਬਾਦੀ ਵਿੱਚ ਜਾਗਰੂਕਤਾ ਵਧਾਉਣ ਲਈ ਸੰਦੇਸ਼ ਦੇ ਨਾਲ ਨਾਲ ਸਾਵਧਾਨੀਆਂ ਵਰਣ ਲਈ ਹਦਾਇਤਾਂ ਜਾਰੀ ਕੀਤੀਆਂ ਹਨ। ਇਹ ਹਦਾਇਤਾਂ ਇਸ ਗੱਲ 'ਤੇ ਜ਼ੋਰ ਦਿੰਦੀਆਂ ਹਨ ਕਿ ਸਮੋਸੇ, ਜਲੇਬੀਆਂ, ਰਸਗੁੱਲੇ ਅਤੇ ਇਸ ਤਰ੍ਹਾਂ ਦੇ ਸਨੈਕਸ ਘੱਟ, ਕਦੇ-ਕਦਾਈਂ ਅਤੇ ਥੋੜ੍ਹੀ ਮਾਤਰਾ ਵਿੱਚ ਹੀ ਖਾਣੇ ਚਾਹੀਦੇ ਹਨ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਨ੍ਹਾਂ ਉਤਪਾਦਾਂ 'ਤੇ ਪਾਬੰਦੀ ਲਗਾਉਣ ਦਾ ਕੋਈ ਪ੍ਰਸਤਾਵ ਨਹੀਂ ਹੈ, ਇਹ ਸਵੀਕਾਰ ਕਰਦੇ ਹੋਏ ਕਿ ਇਹ ਦੇਸ਼ ਦੀ ਸੱਭਿਆਚਾਰਕ ਅਤੇ ਰਸੋਈ ਦੇ ਪਕਵਾਨਾਂ ਦਾ ਇਕ ਹਿੱਸਾ ਹਨ ਅਤੇ ਪੂਰੀ ਤਰ੍ਹਾਂ ਖਤਮ ਕਰਨਾ ਮੁਸ਼ਕਲ ਹੈ। ਹਾਲਾਂਕਿ, ਇਸਨੇ ਜਨਤਾ ਨੂੰ ਇਨ੍ਹਾਂ ਭੋਜਨਾਂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਸੂਚਿਤ ਕਰਨ ਦੀ ਤੁਰੰਤ ਲੋੜ ਨੂੰ ਪਛਾਣਿਆ ਹੈ। ਕੇਂਦਰ ਸਰਕਾਰ ਨੇ ਸਾਰੇ ਵਪਾਰੀਆਂ, ਕਨਫੈਕਸ਼ਨਰਾਂ ਅਤੇ ਨਿਰਮਾਤਾਵਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਇਨ੍ਹਾਂ ਪ੍ਰਸਿੱਧ ਖਾਣ ਵਾਲੇ ਪਦਾਰਥਾ ਦੀ ਤਿਆਰੀ ਵਿੱਚ ਵਰਤੇ ਜਾਣ ਵਾਲੇ ਖੰਡ, ਤੇਲ ਅਤੇ ਟ੍ਰਾਂਸ ਫੈਟ ਦੀ ਮਾਤਰਾ ਨੂੰ ਸਪੱਸ਼ਟ ਤੌਰ 'ਤੇ ਨਿਰਧਾਰਤ ਕਰਨ। ਇਹ ਜਾਣਕਾਰੀ ਜਨਤਾ ਲਈ ਉਪਲਬਧ ਕਰਵਾ ਕੇ, ਖਪਤਕਾਰ ਇਸ ਬਾਰੇ ਸੂਚਿਤ ਫੈਸਲੇ ਲੈ ਸਕਦੇ ਹਨ ਕਿ ਉਹ ਇਨ੍ਹਾਂ ਉਤਪਾਦਾਂ ਵਿੱਚੋਂ ਕਿੰਨੀ ਮਾਤਰਾ ਵਿੱਚ ਖਾਣਾ ਪਸੰਦ ਕਰਦੇ ਹਨ। ਇਨ੍ਹਾਂ ਦੇ ਤੱਤਾਂ ਬਾਰੇ ਪਾਰਦਰਸ਼ਤਾ ਨੂੰ ਲੋਕਾਂ ਨੂੰ ਆਪਣੇ ਸੇਵਨ ਨੂੰ ਸੀਮਤ ਕਰਨ ਅਤੇ ਆਪਣੀ ਸਿਹਤ ਦੀ ਰੱਖਿਆ ਕਰਨ ਲਈ ਸ਼ਕਤੀ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਸਕਦਾ ਹੈ।

ਕੇਂਦਰੀ ਸਿਹਤ ਮੰਤਰਾਲੇ ਦੁਆਰਾ ਜਾਰੀ ਕੀਤੀਆਂ ਗਇਆਂ ਹਦਾਇਤਾਂ ਇਸ ਤੱਥ ਨੂੰ ਉਜਾਗਰ ਕਰਦੀਆਂ ਹਨ ਕਿ ਇਨ੍ਹਾਂ ਸਨੈਕਸ ਦਾ ਬਹੁਤ ਜ਼ਿਆਦਾ ਸੇਵਨ ਮੋਟਾਪਾ, ਦਿਲ ਦੀਆਂ ਸਮੱਸਿਆਵਾਂ ਅਤੇ ਹੋਰ ਜੀਵਨ ਸ਼ੈਲੀ ਨਾਲ ਸਬੰਧਤ ਬਿਮਾਰੀਆਂ ਨੂੰ ਸੱਦਾ ਦੇਣ ਦੇ ਬਰਾਬਰ ਹੈ।

ਇਹ ਇਹ ਵੀ ਹਦਾਇਤਾਂ ਕੀਤੀ ਹੈ ਕਿ ਜਦੋਂ ਕਿ ਤੰਬਾਕੂ ਅਤੇ ਸਿਗਰਟ ਆਪਣੇ ਨੁਕਸਾਨਦੇਹ ਪ੍ਰਭਾਵਾਂ ਦੇ ਕਾਰਨ ਲਾਜ਼ਮੀ ਚੇਤਾਵਨੀ ਲੇਬਲਾਂ ਦੇ ਨਾਲ ਆਉਂਦੇ ਹਨ, ਸਮੋਸਿਆਂ ਅਤੇ ਜਲੇਬੀਆਂ ਵਰਗੇ ਭੋਜਨਾਂ ਲਈ ਸਮਾਨ ਲੇਬਲ ਪ੍ਰਸਤਾਵਿਤ ਨਹੀਂ ਕੀਤੇ ਜਾ ਰਹੇ ਹਨ। ਇਸ ਦੀ ਬਜਾਏ, ਇਹ ਪਹੁੰਚ ਸਖ਼ਤ ਨਿਯਮ ਜਾਂ ਮਨਾਹੀ ਦੀ ਬਜਾਏ ਜਾਗਰੂਕਤਾ ਅਤੇ ਸਿੱਖਿਆ 'ਤੇ ਕੇਂਦ੍ਰਤ ਕਰਦੀ ਹੈ। ਮੰਤਰਾਲੇ ਨੇ ਸਿਫਾਰਸ਼ ਕੀਤੀ ਹੈ ਕਿ ਕੰਮ ਵਾਲੀਆਂ ਥਾਵਾਂ, ਸਰਕਾਰੀ ਸੰਸਥਾਵਾਂ ਅਤੇ ਜਨਤਕ ਥਾਵਾਂ 'ਤੇ ਬੋਰਡ ਪ੍ਰਦਰਸ਼ਿਤ ਕੀਤੇ ਜਾਣ ਜੋ ਜ਼ਿਆਦਾ ਖੰਡ ਅਤੇ ਚਰਬੀ ਦੇ ਸੇਵਨ ਦੇ ਖ਼ਤਰਿਆਂ ਨੂੰ ਉਜਾਗਰ ਕਰਦੇ ਹਨ। ਇਹ ਬੋਰਡ ਵਿਅਕਤੀਆਂ ਨੂੰ ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਪ੍ਰਤੀ ਸੁਚੇਤ ਰਹਿਣ ਲਈ ਕੋਮਲ ਯਾਦ-ਪੱਤਰ ਵਜੋਂ ਕੰਮ ਕਰਨਗੇ, ਉਨ੍ਹਾਂ ਨੂੰ ਇਹ ਪਛਾਣਨ ਵਿੱਚ ਮਦਦ ਕਰਨਗੇ ਕਿ ਤੇਲ ਅਤੇ ਖੰਡ ਨਾਲ ਭਰਪੂਰ ਭੋਜਨ, ਜਦੋਂ ਕਿ ਮਜ਼ੇਦਾਰ ਹਨ, ਲੰਬੇ ਸਮੇਂ ਦੀ ਸਿਹਤ ਲਈ ਨੁਕਸਾਨਦੇਹ ਹੋ ਸਕਦੇ ਹਨ।

ਦਫ਼ਤਰਾਂ ਅਤੇ ਜਨਤਕ ਖੇਤਰਾਂ ਵਿੱਚ ਜਨਤਕ ਜਾਗਰੂਕਤਾ ਨੂੰ ਨਿਸ਼ਾਨਾ ਬਣਾ ਕੇ, ਇਹ ਹਦਾਇਤਾਂ ਪਾਬੰਦੀਆਂ ਜਾਂ ਲਾਜ਼ਮੀ ਚੇਤਾਵਨੀ ਲੇਬਲਾਂ ਦਾ ਸਹਾਰਾ ਲਏ ਬਿਨਾਂ ਜ਼ਿਆਦਾ ਸੇਵਨ ਨੂੰ ਘਟਾਉਣ ਅਤੇ ਸਿਹਤਮੰਦ ਵਿਕਲਪਾਂ ਨੂੰ ਉਤਸ਼ਾਹਿਤ ਕਰਨ ਦੀ ਉਮੀਦ ਕਰਦੀ ਹੈ। ਲੋਕਾਂ ਲਈ ਇਹ ਸਮਝਣਾ ਮਹੱਤਵਪੂਰਨ ਹੈ ਕਿ ਸਮੋਸਿਆਂ, ਜਲੇਬੀਆਂ ਅਤੇ ਰਸਗੁੱਲਿਆਂ ਦੇ ਨਾਲ ਨਾਲ ਭਟੂਰੇ ਦਾ ਕਦੇ-ਕਦਾਈਂ ਸੇਵਨ ਕੁਦਰਤੀ ਤੌਰ 'ਤੇ ਨੁਕਸਾਨਦੇਹ ਨਹੀਂ ਹੈ; ਅਸਲ ਖ਼ਤਰਾ ਅਕਸਰ ਅਤੇ ਬਹੁਤ ਜ਼ਿਆਦਾ ਸੇਵਨ ਵਿੱਚ ਹੈ। ਇਹ ਚੀਜ਼ਾਂ ਅਕਸਰ ਤੇਲ ਵਿਚ ਤਲੀਆਂ ਜਾਂਦੀਆਂ ਹਨ, ਰਿਫਾਇੰਡ ਸ਼ੂਗਰ ਨਾਲ ਭਰੀਆਂ ਹੁੰਦੀਆਂ ਹਨ, ਅਤੇ ਟ੍ਰਾਂਸ ਫੈਟ ਨਾਲ ਤਿਆਰ ਕੀਤੀਆਂ ਜਾਂਦੀਆਂ ਹਨ ਜੋ ਨਾ ਸਿਰਫ ਭਾਰ ਵਧਾਉਂਦੀਆਂ ਹਨ ਬਲਕਿ ਕੋਲੈਸਟ੍ਰੌਲ ਦੇ ਪੱਧਰ ਅਤੇ ਦਿਲ ਦੇ ਦੌਰੇ ਦੇ ਜੋਖਮ ਨੂੰ ਵੀ ਵਧਾਉਂਦੀਆਂ ਹਨ। ਜਦੋਂ ਨਿਯਮਿਤ ਤੌਰ 'ਤੇ ਖਾਧਾ ਜਾਂਦਾ ਹੈ, ਤਾਂ ਇਹ ਸਰੀਰ ਵਿੱਚ ਗੈਰ-ਸਿਹਤਮੰਦ ਚਰਬੀ ਦੇ ਨਿਰਮਾਣ ਵਿੱਚ ਯੋਗਦਾਨ ਪਾਉਂਦੀਆਂ ਹਨ, ਆਮ ਪਾਚਕ ਕਾਰਜਾਂ ਵਿੱਚ ਵਿਘਨ ਪਾਉਂਦੀਆਂ ਹਨ, ਅਤੇ ਅੰਤ ਵਿੱਚ ਟਾਈਪ 2 ਸ਼ੂਗਰ ਅਤੇ ਹਾਈਪਰਟੈਨਸ਼ਨ ਵਰਗੀਆਂ ਬਿਮਾਰੀਆਂ ਦਾ ਕਾਰਨ ਬਣ ਸਕਦੀਆਂ ਹਨ। ਬਹੁਤ ਸਾਰੇ ਲੋਕ ਇਨ੍ਹਾਂ ਜੋਖਮਾਂ ਤੋਂ ਅਣਜਾਣ ਰਹਿੰਦੇ ਹਨ, ਅਕਸਰ ਨੁਕਸਾਨ ਨੂੰ ਸਿਰਫ਼ ਸ਼ਰਾਬ ਜਾਂ ਤੰਬਾਕੂ ਵਰਗੇ ਪਦਾਰਥਾਂ ਨਾਲ ਜੋੜਦੇ ਹਨ, ਜਦੋਂ ਕਿ ਇਹ ਮੰਨਦੇ ਹਨ ਕਿ ਰਵਾਇਤੀ ਸਨੈਕਸ ਅਤੇ ਮਿਠਾਈਆਂ ਮੁਕਾਬਲਤਨ ਨੁਕਸਾਨਦੇਹ ਹਨ।

ਇਸ ਦੇ ਨਾਲ ਹੀ ਇਹਨਾਂ ਪਦਾਰਥਾਂ ਤੇ ਹੋਰ ਵੀ ਖੋਜ ਵਧਦੀ ਜਾ ਰਹੀ ਹੈ ਤਾਂ ਜੋ ਕਿ ਅਜਿਹੇ ਭੋਜਨਾਂ ਦਾ ਜ਼ਿਆਦਾ ਸੇਵਨ ਵਾਰੇ ਹੋਰ ਨੁਕਸਾਨਦੇਹ ਵਾਰੇ ਜਾਣਕਾਰੀ ਇਕੱਠੀ ਕੀਤੀ ਜਾ ਸਕੇ, ਅਤੇ ਕੁਝ ਮਾਮਲਿਆਂ ਵਿੱਚ, ਇਸਦਾ ਮੁਕਾਬਲਾ ਕਰਨਾ ਵੀ ਮੁਸ਼ਕਲ ਹੋ ਸਕਦਾ ਹੈ ਕਿਉਂਕਿ ਇਹ ਉਤਪਾਦ ਇੰਨੀ ਆਸਾਨੀ ਨਾਲ ਉਪਲਬਧ ਹਨ ਅਤੇ ਰੋਜ਼ਾਨਾ ਜੀਵਨ ਨਾਲ ਬਹੁਤ ਨੇੜੇ ਤੋਂ ਜੁੜੇ ਹੋਏ ਹਨ। ਇਸ ਲਈ, ਜਾਗਰੂਕਤਾ ਫੈਲਾਉਣ ਦੇ ਸਰਕਾਰ ਦੇ ਯਤਨ ਸਮੇਂ ਸਿਰ ਅਤੇ ਜ਼ਰੂਰੀ ਦੋਵੇਂ ਹਨ। ਸਮੱਗਰੀ ਲੇਬਲਾਂ ਨੂੰ ਲਾਜ਼ਮੀ ਬਣਾ ਕੇ ਅਤੇ ਵਿਦਅਕ ਬੋਰਡਾਂ ਦੇ ਪ੍ਰਦਰਸ਼ਨ ਨੂੰ ਉਤਸ਼ਾਹਿਤ ਕਰਕੇ, ਅਧਿਕਾਰੀਆਂ ਦਾ ਉਦੇਸ਼ ਆਬਾਦੀ ਨੂੰ ਸੰਜਮ ਵੱਲ ਧੱਕਣਾ ਹੈ। ਇਹ ਸੰਭਾਵਨਾ ਨਹੀਂ ਹੈ ਕਿ ਲੋਕ ਇਹਨਾਂ ਭੋਜਨਾਂ ਦਾ ਆਨੰਦ ਲੈਣਾ ਪੂਰੀ ਤਰ੍ਹਾਂ ਬੰਦ ਕਰ ਦੇਣਗੇ, ਨਾ ਹੀ ਇਹ ਇਰਾਦਾ ਹੈ, ਪਰ ਜੋਖਮਾਂ ਨੂੰ ਸਮਝ ਕੇ, ਉਹ ਇਹਨਾਂ ਸੁਆਦੀ ਪਕਵਾਨਾਂ ਦਾ ਆਨੰਦ ਸਿਰਫ਼ ਖਾਸ ਮੌਕਿਆਂ 'ਤੇ ਲੈਣਾ ਸਿੱਖ ਸਕਦੇ ਹਨ ਨਾ ਕਿ ਆਪਣੀ ਨਿਯਮਤ ਖੁਰਾਕ ਦੇ ਹਿੱਸੇ ਵਜੋਂ। ਉਨ੍ਹਾਂ ਵਿਅਕਤੀਆਂ ਲਈ ਜੋ ਸਿਹਤਮੰਦ ਰਹਿਣਾ ਚਾਹੁੰਦੇ ਹਨ ਅਤੇ ਬਹੁਤ ਜ਼ਿਆਦਾ ਚਰਬੀ ਅਤੇ ਖੰਡ ਦੀ ਖਪਤ ਦੇ ਨਤੀਜਿਆਂ ਤੋਂ ਬਚਣਾ ਚਾਹੁੰਦੇ ਹਨ, ਉਨ੍ਹਾਂ ਲਈ ਫਲ, ਸਬਜ਼ੀਆਂ, ਸਾਬਤ ਅਨਾਜ ਅਤੇ ਘੱਟ ਚਰਬੀ ਵਾਲੇ ਪ੍ਰੋਟੀਨ ਵਰਗੇ ਸਿਹਤਮੰਦ ਵਿਕਲਪਾਂ ਨਾਲ ਆਪਣੀ ਖੁਰਾਕ ਨੂੰ ਸੰਤੁਲਿਤ ਕਰਨਾ ਜ਼ਰੂਰੀ ਹੈ। ਨਿਯਮਤ ਕਸਰਤ, ਧਿਆਨ ਨਾਲ ਖਾਣ-ਪੀਣ ਦੇ ਨਾਲ, ਤਲੇ ਹੋਏ ਸਨੈਕਸ ਅਤੇ ਮਿਠਾਈਆਂ ਵਿੱਚ ਕਦੇ-ਕਦਾਈਂ ਉਹਨਾਂ ਦਾ ਲੁਤਫ਼ ਲੈ ਸਕਦੇ ਹਨ

ਅੰਤ ਵਿੱਚ, ਵਿਅਕਤੀਆਂ ਦੀ ਸਿਹਤ ਉਨ੍ਹਾਂ ਦੇ ਆਪਣੇ ਹੱਥਾਂ ਵਿੱਚ ਹੈ, ਅਤੇ ਜਦੋਂ ਕਿ ਸਰਕਾਰ ਸਲਾਹ, ਹਦਾਇਤਾਂ - ਚੇਤਾਵਨੀਆਂ ਅਤੇ ਜਾਣਕਾਰੀ ਪ੍ਰਦਾਨ ਕਰ ਰਹੀ ਹੈ, ਇਹ ਹਰੇਕ ਵਿਅਕਤੀ 'ਤੇ ਨਿਰਭਰ ਕਰਦਾ ਹੈ ਕਿ ਉਹ ਆਪਣੀ ਜੀਵਨ ਸ਼ੈਲੀ ਦੀਆਂ ਚੋਣਾਂ ਦੀ ਜ਼ਿੰਮੇਵਾਰੀ ਕਿਵੇਂ ਲੈਂਦਾ ਹੈ। ਇਹ ਸਮਝਦੇ ਹੋਏ ਕਿ ਸਮੋਸੇ, ਜਲੇਬੀਆਂ ਅਤੇ ਰਸਗੁੱਲੇ,ਭਟੂਰੇ ਭਾਵੇਂ ਸੱਭਿਆਚਾਰਕ ਤੌਰ 'ਤੇ ਪਿਆਰੇ ਹਨ, ਸਰੀਰ ਲਈ ਸਿਗਰਟ ਵਾਂਗ ਹੀ ਖ਼ਤਰਨਾਕ ਹੋ ਸਕਦੇ ਹਨ, ਇੱਕ ਮਹੱਤਵਪੂਰਨ ਪਹਿਲਾ ਕਦਮ ਹੈ। ਸੰਜਮ ਕੁੰਜੀ ਹੈ, ਅਤੇ ਇਹਨਾਂ ਚੀਜ਼ਾਂ ਦੀ ਖਪਤ ਨੂੰ ਦੁਰਲੱਭ ਮੌਕਿਆਂ ਤੱਕ ਸੀਮਤ ਕਰਕੇ, ਲੋਕ ਗੰਭੀਰ ਸਿਹਤ ਜੋਖਮਾਂ ਦਾ ਸ਼ਿਕਾਰ ਹੋਏ ਬਿਨਾਂ ਇਹਨਾਂ ਦੇ ਸੁਆਦਾਂ ਦਾ ਆਨੰਦ ਲੈ ਸਕਦੇ ਹਨ। ਕੇਂਦਰ ਸਰਕਾਰ ਦੀਆਂ ਹਦਾਇਤਾਂ, ਜਨਤਕ ਸਿੱਖਿਆ ਦੇ ਨਾਲ, ਉਮੀਦ ਹੈ ਕਿ ਲੋਕਾਂ ਨੂੰ ਆਪਣੀ ਭਲਾਈ ਨੂੰ ਤਰਜੀਹ ਦੇਣ ਲਈ ਉਤਸ਼ਾਹਿਤ ਕਰਨਗੀਆਂ, ਜਾਣਬੁੱਝ ਕੇ ਅਜਿਹੇ ਵਿਕਲਪ ਬਣਾਉਣਗੀਆਂ ਜੋ ਉਹਨਾਂ ਦੀ ਸਿਹਤ ਦੀ ਰੱਖਿਆ ਕਰਦੇ ਹਨ ਅਤੇ ਨਾਲ ਹੀ ਉਹਨਾਂ ਨੂੰ ਭਾਰਤ ਦੀਆਂ ਅਮੀਰ ਰਸੋਈ ਪਰੰਪਰਾਵਾਂ ਸਹੀ ਤਰੀਕੇ ਸੰਜਮ ਵਿਚ ਰਹਿ ਕੇ ਵਰਤੋਂ ਕਰਨ ਦਾ ਹੁੰਨਰ ਪ੍ਰਦਾਨ ਕਰਨਗੇ।





ਸੁਰਜੀਤ ਸਿੰਘ ਫਲੋਰਾ
SURJIT SINGH FLORA
6 Havelock Drive,
Brampton, ON
L6W 4A5 Canada
647-829-9397

# ਅਟੁੱਟ ਰਿਸ਼ਤੇ

ਆਪਣੀ ਉਮਰ ਦੇ ਬਾਈਵੇਂ ਸਾਲ ਤੋਂ ਲੈਕੇ ਸਾਢੇ ਅੱਠਵੰਜਾ ਸਾਲ ਦੀ ਉਮਰ ਤੱਕ ਮੈਂ ਲੜਕੀਆਂ ਦੇ ਨਾਮੀ ਸਕੂਲ ਵਿੱਚ ਦਫਤਰ ਇੰਚਾਰਜ ਵੱਜੋਂ ਆਪਣੀ ਡਿਊਟੀ ਨਿਭਾਉਂਦਾ ਰਿਹਾ। ਭਾਵੇਂ ਸਮੇਂ ਸਮੇਂ ਤੇ ਮੇਰੇ ਆਹੁਦੇ ਬਦਲਦੇ ਰਹੇ ਪ੍ਰੰਤੂ ਕੰਮ ਅਤੇ ਜਿੰਮੇਦਾਰੀਆਂ ਓਹੀ ਸਨ। ਨਿਰੋਲ ਲੜਕੀਆਂ ਦਾ ਸਕੂਲ ਹੋਣ ਕਰਕੇ ਕੋਈ ਛਿਆਨਵੇ ਪ੍ਰਤੀਸ਼ਤ ਸਟਾਫ ਫੀਮੇਲ ਹੀ ਹੁੰਦਾ ਸੀ। ਕੁਝ ਸਹਿਕਰਮੀ ਸ਼ੁਰੂ ਤੋਂ ਅੰਤ ਤੱਕ ਓਹੀ ਰਹੇ ਤੇ ਅਸੀਂ ਸਾਲਾਂ ਬੱਧੀ ਇਕੱਠਿਆਂ ਕੰਮ ਕੀਤਾ। ਜਿਹੜੇ ਬਾਅਦ ਵਿੱਚ ਆਏ ਉਹ ਵੀ ਤਕਰੀਬਨ ਪੱਕੇ ਹੀ ਟਿੱਕੇ ਰਹੇ। ਕੁਝ ਕੁ ਅਜਿਹੇ ਸਨ ਜੋ ਸਾਲ ਦੋ ਸਾਲ ਤੋਂ ਲੈ ਪੰਜ ਦਸ ਪੰਦਰਾਂ ਸਾਲ ਤੱਕ ਨਾਲ ਰਹੇ। ਹਰ ਸਟਾਫ ਮੈਂਬਰ ਦਾ ਦਫਤਰ ਨਾਲ ਨਿੱਤ ਦਾ ਵਾਹ ਪੈਣ ਕਰਕੇ ਸਟਾਫ ਨਾਲ ਨੇੜਤਾ ਬਣਨੀ ਲਾਜ਼ਮੀ ਸੀ। ਕਿਉਂਕਿ ਸਕੂਲ ਦੇ ਦਫਤਰ ਇੰਚਾਰਜ ਨੂੰ ਸਕੂਲ ਦਾ ਸੈਂਟਰਲ ਐਕਸਲ ਕਿਹਾ ਜਾਂਦਾ ਹੈ। ਇਹ ਨੇੜਤਾ ਬਹੁਤੇ ਵਾਰੀ ਅੱਗੇ ਵਧ ਜਾਂਦੀ ਹੈ। ਸਕੂਲ ਦੇ ਪ੍ਰਿੰਸੀਪਲ ਮੇਰੀ ਭੈਣ ਦੀ ਸਹੇਲੀ ਅਤੇ ਭਰਾ ਦੇ ਦੋਸਤ ਦੇ ਫੁਫੜ ਜੀ ਸਨ। ਇਸੇ ਕਰਕੇ ਮੈਂ ਮਿਸੇਜ ਪ੍ਰਿੰਸੀਪਲ ਨੂੰ ਭੂਆ ਹੀ ਸਮਝਦਾ ਸੀ। ਜਦੋਂ ਅਸੀਂ ਕਿਤੇ ਸਾਲਾਂ ਬੱਧੀ ਇਕੱਠੇ ਕੰਮ ਕਰਦੇ ਹਾਂ ਤਾਂ ਸਾਡੇ ਮੇਲ ਫੀਮੇਲ ਕਰਮੀਆਂ ਨਾਲ ਰਿਸ਼ਤੇ ਬਣ ਜਾਂਦੇ ਹਨ। ਇੱਕ ਪਰਿਵਾਰ ਹੀ ਬਣ ਜਾਂਦਾ ਹੈ ਅਤੇ ਸਹਿਕਰਮੀ ਉਸੇ ਪਰਿਵਾਰ ਦਾ ਹਿੱਸਾ। ਸਾਡੇ ਸਮਾਜ ਦਾ ਕੁਝ ਹਿੱਸਾ ਗੈਰ ਔਰਤ ਅਤੇ ਗੈਰ ਮਰਦ ਦੇ ਰਿਸ਼ਤੇ ਨੂੰ ਮੈਲੀ ਅੱਖ ਨਾਲ ਵੇਖਦਾ ਹੈ। ਉਹ ਦੋ ਅਜਨਬੀਆਂ ਦੇ ਮੇਲ ਨੂੰ ਨਜਾਇਜ ਰਿਸ਼ਤੇ ਜਾਂ ਆਸ਼ਕ ਮਸ਼ੂਕ ਦਾ ਦਰਜਾ ਹੀ ਦਿੰਦੇ ਹਨ। ਇਹ ਸੱਚ ਨਹੀਂ। ਇਸੇ ਤੋਂ ਡਰਦੇ ਇਹ ਲੋਕ ਵੀਰਜੀ ਵੀਰਜੀ ਕਰਦੇ ਹਨ ਜਾਂ ਸਿਸਟਰ/ਭੈਣਜੀ ਕਹਿੰਦੇ ਹਨ। ਸਰਕਾਰੀ ਸਕੂਲਾਂ ਵਿੱਚ ਸਾਥੀ ਅਧਿਆਪਕਾਂ ਲਈ ਵੀਰਜੀ ਸ਼ਬਦ ਆਮ ਵਰਤਿਆ ਜਾਂਦਾ ਹੈ। ਪ੍ਰੰਤੂ ਕਈ ਵਾਰੀ ਇਹ ਬੋਲਿਆ ਜਾਂਦਾ ਹੈ ਪਰ ਓਵੇ ਸਮਝਿਆ ਨਹੀਂ ਜਾਂਦਾ। ਮੇਰੇ ਸਕੂਲ ਦੀ ਇੱਕ ਅਧਿਆਪਕ ਮੇਰੀ ਮਾਂ ਨੂੰ ਭੂਆ ਆਖਣ ਲੱਗ ਗਈ। ਮੇਰੀ ਬੇਗਮ ਨੂੰ ਭਾਬੀ। ਇਸ ਲਈ ਮੈਂ ਉਸਨੂੰ ਭੈਣ ਹੀ ਸਮਝਦਾ ਸੀ। ਮੇਰੀ ਬੇਗਮ ਦੀ ਸਹਿਕਰਮੀ ਦੀ ਭੈਣ ਜੋ ਬੇਗਮ ਨੂੰ ਭੈਣ ਜੀ ਕਹਿੰਦੀ ਹੈ ਉਸਨੂੰ ਮੈਂ ਸਾਲੀ ਸਾਹਿਬਾਂ ਕਹਿੰਦਾ । ਇੱਕ ਟੀਚਰ ਮੇਰੇ ਸਹੁਰਿਆਂ ਦੇ ਗੋਤ 'ਗਰੋਵਰ' ਸੀ ਉਹ ਵੀ ਸਾਲੀ ਵਾਲੀ ਲਿਸਟ ਵਿੱਚ ਸੀ ਤੇ ਇੱਕ ਹੋਰ ਟੀਚਰ ਜੋ ਮੇਰੇ ਸਹੁਰਿਆਂ ਦੇ ਪਿੰਡ ਗੋਨਿਆਣਾ ਤੋਂ ਸੀ ਤੇ ਸੇਠੀ ਪਰਿਵਾਰ ਚ ਵਿਆਹੀ ਸੀ ਉਹ ਵੀ ਸਾਲੀ ਵਾਂਗੂ ਵਰਤਦੀ ਸੀ। ਇੱਕ ਟੀਚਰ ਜਿਸਨੂੰ ਮੈਂ ਉਸਦੇ ਸਵਰਗਵਾਸੀ ਪਾਪਾ ਵਾਂਗੂ ਨਜ਼ਰ ਆਉਂਦਾ ਸੀ ਉਹ ਮੈਨੂੰ ਆਪਣੇ ਪਾਪਾ ਦੀ ਤਰ੍ਹਾਂ ਟ੍ਰੀਟ ਕਰਦੀ ਸੀ। ਇੱਕ ਹੋਰ ਟੀਚਰ ਜਿਸ ਦੇ ਪਾਪਾ ਨਹੀਂ ਸਨ ਮੇਰੀ ਬੇਟੀ ਬਣਕੇ ਹੀ ਵਿਚਰਦੀ ਸੀ। ਇੱਥੇ ਹੀ ਬੱਸ ਨਹੀਂ ਮੇਰੇ ਬੇਟੇ ਦੇ ਦੋਸਤ ਦੀ ਪਤਨੀ ਜੋ ਮੇਰੀ ਕੁਲੀਗ ਸੀ ਉਹ ਨੂੰਹਾਂ ਵਾਲਾ ਸਤਿਕਾਰ ਦਿੰਦੀ ਸੀ। ਮੇਰੇ ਸਕੂਲ ਵਿੱਚ ਹੀ ਪੜ੍ਹੀਆਂ ਕਈ ਲੜਕੀਆਂ ਐਮ ਏ ਬੀ ਐਡ ਵਗੈਰਾ ਕਰਕੇ ਇਥੇ ਹੀ ਟੀਚਰ ਲੱਗ ਗਈਆਂ ਉਹਨਾਂ ਨੂੰ ਬੁਲ-ਾਉਣ ਸਮੇਂ ਮੇਰੇ ਮੂੰਹੋ ਸਹਿਜ ਸੁਭਾਅ ਬੇਟਾ ਸ਼ਬਦ ਹੀ ਨਿਕਲਦਾ। ਮੇਰੇ ਸ਼ਹਿਰ ਤੋਂ ਕਈ ਲੜਕੀਆਂ ਸਮੇਂ ਸਮੇਂ ਤੇ ਮੇਰੇ ਸਕੂਲ ਵਿੱਚ ਟੀਚਰ ਲੱਗੀਆਂ ਓਹਨਾ ਦੇ ਪੇਰੈਂਟਸ ਨਾਲ ਪਰਵਾਰਿਕ ਸਾਂਝਾ ਹੋਣ ਕਰਕੇ ਪਰਵਾਰਿਕ ਜਿਹੇ ਰਿਸ਼ਤੇ ਸਨ। ਮੇਰੇ ਇੱਕ ਦੋਸਤ ਦੀ ਬੇਟੀ ਵੀ ਮੇਰੇ ਕੋਲ੍ਹ ਟੀਚਰ ਸੀ। ਉਹ ਡਿਊਟੀ ਸਮੇਂ ਮੈਨੂੰ ਸਰ ਅਤੇ ਬਾਅਦ ਵਿੱਚ ਐਂਕਲ ਆਖਦੀ। ਹਮਉਮਰ ਫੀਮੇਲ ਸਟਾਫ ਨਾਲ ਦੋਸਤੀ ਵਰਗਾ ਨਾਤਾ ਹੁੰਦਾ ਸੀ। ਕਿਉਂਕਿ ਔਰਤ ਧੀ ਭੈਣ ਮਾਂ ਤੋਂ ਇਲਾਵਾ ਵੀ ਕੁਝ ਹੁੰਦੀ ਹੈ। ਇੱਕ ਚੰਗੀ ਔਰਤ ਇੱਕ ਚੰਗਾ ਦੋਸਤ ਵੀ ਹੋ ਸਕਦੀ ਹੈ। ਦੋਸਤੀ ਮੇਲ ਫੀਮੇਲ ਦਾ ਬਹੁਤਾ ਫਰਕ ਨਹੀਂ ਕਰਦੀ।

ਕੁਝ ਇੱਕ ਸਟਾਫ ਮੈਂਬਰ ਮੇਰੀ ਅੰਗਲੀ ਸੰਗਲੀ ਚੋਂ ਵੀ ਸਨ। ਇੱਥੇ ਉਹ ਅਦਬ ਨਾਲ ਸਹਿਕਰਮੀਆਂ ਵਾਲਾ ਨਾਤਾ ਨਿਭਾਉਂਦੇ। ਅਮੂਮਨ ਸਾਰੇ ਹੀ ਸਹਿਕਰਮੀ ਇੱਕ ਵਧੀਆ ਦੋਸਤ ਵਾਂਗੂ ਵਿਚਰਦੇ। ਸਾਡੇ ਇਹ ਰੀਤ ਹੀ ਕਿ ਪੂਰਾ ਸਟਾਫ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਜਰੂਰ ਸ਼ਰੀਕ ਹੁੰਦਾ। ਸੁੱਖ ਵਿੱਚ ਭਾਵੇਂ ਕਦੇ ਕੋਈ ਘੇਸਲ ਵੱਟ ਲੈਂਦਾ ਪ੍ਰੰਤੂ ਦੁੱਖ ਵੇਲੇ ਜਰੂਰ ਬਹੁੜਦੇ। ਮੈਨੂੰ ਯਾਦ ਹੈ ਕੇਰਾਂ ਬੇਗਮ ਨੇ ਇੱਕ ਸਰਜਰੀ ਕਰਵਾਈ। ਓਦੋਂ ਮੈਡਮ ਲੋਕਲ ਹੀ ਸਨ ਉਸਦੇ ਸਿਰਫ ਦੋ ਤਿੰਨ ਸਟਾਫ ਮੈਂਬਰ ਹੀ ਪਤਾ ਲੈਣ ਆਏ ਪ੍ਰੰਤੂ ਮੇਰੇ ਸਕੂਲ ਦੇ ਪਰਿਵਾਰ ਦੇ ਤਕਰੀਬਨ ਸਾਰੇ ਹੀ ਮੈਂਬਰ ਆਏ। ਦਰਜਾਚਾਰ ਸਾਥੀ ਵੀ ਆਏ। ਸਾਲਾਂ ਦੀ ਸਾਂਝ ਦੋਸਤੀ ਦਾ ਆਹੀ ਫਰਕ ਹੁੰਦਾ ਹੈ। ਲੰਬੇ ਸਾਥ ਨਾਲ ਕੁਝ ਸਹਿਕਰਮੀ ਫਰੈੱਡ ਤੋਂ ਬੈਸਟ ਫ੍ਰੈਂਡ ਦੀ ਲਿਸਟ ਵਿੱਚ ਆ ਜਾਂਦੇ ਹਨ। ਘਰੇ ਆਉਣ ਜਾਣ ਅਤੇ ਪਰਿਵਾਰਿਕ ਸਾਂਝ ਵੱਧ ਜਾਂਦੀ ਹੈ। ਇੱਥੇ ਪੜ੍ਹਿਆਂ ਲਿਖਿਆਂ ਦੀ ਸਾਂਝ ਹੋਣ ਕਰਕੇ ਕਿਸੇ ਨਾਲ ਕੋਈ ਸਥਾਈ ਦੁਸ਼ਮਣੀ ਨਹੀਂ ਸੀ ਹੁੰਦੀ। ਮਮੂਲੀ ਵਿਚਾਰਾਂ ਦੇ ਮਤਭੇਦ ਹੋਣ ਕਰਕੇ ਕੋਈ ਸਿਰੇ ਨਹੀਂ ਸੀ ਜਾਂਦਾ। ਚਾਰ ਦਿਨ ਚੁੱਪ ਵੱਟਕੇ ਗੱਡੀ ਫਿਰ ਉਸੇ ਲੀਹ ਤੇ ਆ ਜਾਂਦੀ।

ਇਹ ਇਸੇ ਲਈ ਸੀ ਕਿ ਕਿਸੇ ਦਾ ਤਬਾਦਲਾ ਨਹੀਂ ਸੀ ਹੁੰਦਾ। ਅਸਤੀਫਾ ਜਾਂ ਸੇਵਾਮੁਕਤੀ ਹੀ ਜਾਣ ਦਾ ਮੁੱਖ ਕਾਰਨ ਹੁੰਦੀ ਸੀ। ਕੁਝ ਕੁ ਸਾਥੀ ਸਰਕਾਰੀ ਨੌਕਰੀ ਮਿਲਣ ਤੇ ਛੱਡ ਜਾਂਦੇ। ਤੇ ਬਹੁਤਿਆਂ ਨੇ ਜਿੰਦਗੀ ਇੱਥੇ ਹੀ ਕੱਢ ਲਈ ਤੇ ਅਜੇ ਵੀ ਕੱਢ ਰਹੇ ਹਨ। ਸਰਕਾਰੀ ਅਤੇ ਪ੍ਰਾਈਵੇਟ ਅਦਾਰੇ ਦਾ ਆਹੀ ਫਰਕ ਹੁੰਦਾ ਹੈ। ਸੇਵਾਮੁਕਤੀ ਦੇ ਛੇ ਸਾਲਾਂ ਬਾਅਦ ਵੀ ਆਪਣੇ ਓਹਨਾ ਸਾਥੀਆਂ ਨੂੰ ਮਿਸ ਕਰਦਾ ਹਾਂ। ਜਿੰਨਾ ਨੇ ਮੇਰਾ ਸਾਲਾਂ ਤੱਕ ਸਾਥ ਨਿਭਾਇਆ। ਜਿੰਦਗੀ ਦੇ ਕੋਈ ਸੈਂਤੀ ਸਾਲ।



ਰਮੇਸ਼ ਸੇਠੀ ਬਾਦਲ
9876627233

# .... ਗੁਲਾਬੀ (Pink) ਰੰਗ ਨਾ ਲਿਓ, ਨਹੀਂ ਤਾਂ ਕੁੜੀ ਹੋਊ

ਨਵਵਿਆਹੀ ਕੁੜੀ ਨੂੰ ਜਦੋਂ ਵੀ ਕੋਈ ਰਿਸ਼ਤੇਦਾਰ ਔਰਤ, ਵਿਹੜੇ, ਗੁਆਂਢ, ਪਰਿਵਾਰਕ ਔਰਤ ਮਿਲਦੀ ਹੈ ਤਾਂ ਆਮ ਹੀ ਕਹਿ ਦਿੰਦੀਆਂ ਕਿ... "ਛੇਤੀਂ ਹੀ ਮੁੰਡੇ ਦਾ ਮੂੰਹ ਦਿਖਾ ਦੇਈਂ"।

ਲਗਭਗ ਹਰ ਵੱਡੀ ਉਮਰ ਦੀ ਔਰਤ ਦੀ ਜ਼ੁਬਾਨ 'ਤੇ ਆਸ਼ੀਰਵਾਦ 'ਚ ਦੇਣ ਸਮੇਂ "ਸਿਰਫ਼ ਮੁੰਡਾ ਹੀ ਹੁੰਦੈਂ"।

ਰੱਬ ਅੱਗੇ ਕੀਤੀਆਂ ਜਾਣ ਵਾਲੀਆਂ ਅਰਦਾਸਾਂ, ਸੁੱਖਾਂ, ਦਵਾਈਆਂ, ਧਾਗਿਆਂ, ਟੂਣੇ-ਟਾਮਣਾਂ ਪਿੱਛੇ "ਸਿਰਫ਼ ਮੁੰਡਾ ਹੋਣ ਦੀਆਂ ਕਾਮਨਾਵਾਂ ਹੁੰਦੀਆਂ"।

"ਔਰਤਾਂ ਦਾ ਇਸ ਧਰਤੀ 'ਤੇ ਹੋਣਾ ਮੁੰਡਾ ਹੋਣ ਦੇ (ਅਖੌਤੀ) ਆਸ਼ੀਰਵਾਦਾਂ, ਅਰਦਾਸਾਂ ਦੇ ਝੂਠੇ ਹੋਣ ਦਾ ਸਭ ਤੋਂ ਵੱਡਾ ਪ੍ਰਮਾਣ ਹੈ।"

ਇਹ ਆਸ਼ੀਰਵਾਦ, ਅਰਦਾਸਾਂ, ਦੇਸੀ ਨੁਸਖ਼ੇ, ਟੂਣੇ-ਟਾਮਣ, ਬਾਬਿਆਂ ਦੀਆਂ ਚੌਂਕੀਆਂ ਵਰਗੇ ਕਰਮ-ਧਰਮ ਬਹੁਤੀਆਂ ਗਰਭਵਤੀ ਔਰਤਾਂ ਨੂੰ ਮਾਨਸਿਕ ਤੌਰ 'ਤੇ ਬੇਹੱਦ ਪ੍ਰੇਸ਼ਾਨ ਕਰਦੈ।

ਜਦੋਂ ਡਾਕਟਰ ਔਰਤਾਂ ਨੂੰ ਗਰਭ ਅਵਸਥਾ ਦੌਰਾਨ ਤਣਾਅ ਮੁਕਤ, ਖੁਸ਼ ਰਹਿਣ ਦੀ ਸਲਾਹ ਦਿੰਦੇ ਹਨ, ਉਥੇ ਹੀ ਸਾਡਾ ਸਮਾਜ, ਆਲਾ-ਦੁਆਲਾ, ਪਰਿਵਾਰਕ, ਰਿਸ਼ਤੇਦਾਰ ਸਾਰੇ ਰਲ ਮਿਲਕੇ ਮੁੰਡਾ ਹੋਣ ਦੀ ਕੁੱਤੇ ਝਾਕ ਲਾਈ ਬੈਠੇ ਉਸ ਗਰਭਵਤੀ ਔਰਤ ਨੂੰ ਭਾਰੀ ਮਾਨਸਿਕ ਤੰਗੀ ਦਿੰਦੇ ਹਨ, ਤੇ ਇਸ ਚਿੰਤਾ ਹੇਠ ਰੱਖਦੇ ਹਨ ਕਿ ਤੇਰੀ ਕੁੱਖੋਂ ਮੁੰਡਾ ਹੀ ਜੰਮੇਂ।



ਇਹ ਇੱਥੇ ਹੀ ਬੱਸ ਨਹੀਂ ਹੋ ਜਾਂਦੀ, ਬਹੁਤੇ ਦੁਕਾਨਦਾਰ ਵੀ ਨਵ-ਜੰਮੇਂ ਬੱਚੇ ਦੇ ਕੱਪੜੇ ਖਰੀਦਣ ਸਮੇਂ ਨਸੀਹਤਾਂ ਦੇਣ ਲੱਗ ਜਾਂਦੇ ਕਿ ਗੁਲਾਬੀ (ਫਿਨਕ) ਰੰਗ ਨਾ ਲਿਓ, ਨਹੀਂ ਤਾਂ ਕੁੜੀ ਹੋਊ।

ਅਨਪੜ੍ਹ ਔਰਤਾਂ ਵਿਗਿਆਨ ਨੂੰ ਪਛਾੜ ਅੱਗੇ ਲੰਘਦੀਆਂ ਗਰਭਵਤੀ ਔਰਤ ਦੇ ਪੇਟ ਦਾ ਆਕਾਰ, ਤੁਰਨ ਦੀ ਚਾਲ, ਗਰਭਵਤੀ ਔਰਤ ਦੇ ਸੁਭਾਅ, ਪੇਟ 'ਤੇ ਨਿਸ਼ਾਨਾਂ ਦਾ ਪੂਰਾ ਚੀਰਫਾੜ ਕਰਕੇ ਜੋੜ-ਤੋੜ ਕਰਨ 'ਤੇ ਲੱਗੀਆਂ ਰਹਿੰਦੀਆਂ ਕਿ ਇਸ ਸਭ ਤੋਂ ਲਗਦਾ ਮੁੰਡਾ ਹੀ ਹੋਊ।

ਬਹੁਤੀਆਂ ਔਰਤਾਂ ਤਾਂ ਨਵੇਂ ਵਿਆਹ ਦੀਆਂ ਵਧਾਈਆਂ ਦੇਣ ਸਮੇਂ, ਮੂੰਹ ਦਿਖਾਈ ਸਮੇਂ ਹੀ ਮੁੰਡਾ ਹੋਣ ਦਾ ਅਸ਼ੀਰਵਾਦ ਦੇ ਦਿੰਦੀਆਂ ਹਨ।

ਭਲਿਓ ਲੋਕੋ,
ਸਮਾਜ ਔਰਤ-ਆਦਮੀ (ਮੁੰਡੇ-ਕੁੜੀਆਂ) ਨਾਲ ਹੀ ਚੱਲ ਰਿਹਾ ਹੈ। ਜੇ ਰੱਬ ਸਾਰਿਆਂ ਦੀ ਸੁਣਕੇ ਮੁੰਡੇ ਹੀ ਦਿੰਦਾ ਤਾਂ ਇਸ ਧਰਤੀ 'ਤੇ ਮਨੁੱਖ ਪ੍ਰਜਾਤੀ ਦੀ ਹੋਂਦ ਕਦੋਂ ਦੀ ਖ਼ਤਮ ਹੋ ਜਾਣੀ ਸੀ।

ਕਿਸੇ ਨੇ ਵਿਅੰਗਮਈ ਅੰਦਾਜ਼ 'ਚ ਬਹੁਤ ਸੋਹਣਾ ਗੀਤ ਲਿਖਿਆ ਸੀ...
"ਪੁੱਤਾਂ ਤੋਂ ਪਹਿਲਾਂ ਧੀਆਂ ਤਾਹੀਓਂ ਨੇ ਹੁੰਦੀਆਂ, ਮਗਰੋਂ ਕੋਈ ਹੋਣ ਦਿੰਦਾ ਨਹੀਂ".



ਜੋਰਾ ਸਿੰਘ ਬਨੂੜ

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.

... ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).


MANJEET SINGH KHANBA
Award Winner 1999, 2001 & 2005
(2 Awards) BSYA

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**
LADY CONSULTANT & PRACTITIONER IS AVAILABLE. MRS. JASWINDER KAUR KHANBA BSYA (HOM.) (A.P) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')
INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS): ... (PIGMENTATION WHITE SPOTS) ... ਇਕ ਮਹੀਨੇ ਦੀ ਕੀਮਤ £69
ਨੁਸਖਾ ਨੰਬਰ 2 (IN CAPSULES OR IN PEARLS): ... PROPER SHAPE ... £89
ਨੁਸਖਾ ਨੰਬਰ 3 (IN CAPSULES): ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES): ... (FLABBY & OUT OF SHAPE BELLY) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES): ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... VAGINAL LUBRICATION GEL (MAGIC) £49
ਨੁਸਖਾ ਨੰਬਰ 7 (IN CAPSULES): ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... £59
ਨੁਸਖਾ ਨੰਬਰ 9 (IN CAPSULES): ... £59
ਨੁਸਖਾ ਨੰਬਰ 10 (IN CAPSULES): ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS): ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ
ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) ... £19
NURALACO (IN OINTMENT OR LOTION) ... £19
CHILLAGA (IN OINTMENT OR LOTION) ... £19
ARNSTRA (IN OINTMENT) ... (SPRAINS) ... (BED SORES) ... £19
BELINFLA (IN OIL OR OINTMENT) ... £19
BELULCE (IN OIL) ... ULCERS ... £19
BRYJOIN (IN OIL) ... £19
CALWOUN (IN OIL OR OINTMENT) ... £19
BURCAN (IN LOTION OR OINTMENT) ... £19
ROUTUM (IN OINTMENT) ... £19
JOINRHU (IN OIL) ... £19
ABSSIL (IN LOTION) ... £19
ITCSUL (IN OIL) ... £19
WARTHU (IN OIL) ... (WARTS) ... £19

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਬੁੱਧ ਚਿੰਤਨ: ਜਦੋਂ ਮੈਨੂੰ ਪੁਰਸਕਾਰ ਮਿਲਿਆ !

## ਵਿਅੰਗ

ਜਦੋਂ ਮੈਨੂੰ ਪੁਰਸਕਾਰ ਮਿਲਿਆ ਤਾਂ ਮੇਰੀ ਚਾਰੇ ਪਾਸੇ ਬੱਲੇ ਬੱਲੇ ਹੋ ਗਈ। ਅਖ਼ਬਾਰਾਂ ਵਿੱਚ ਮੇਰੀਆਂ ਲਿਖਤਾਂ ਤੇ ਜੀਵਨ ਬਾਰੇ ਵੱਡੇ-ਵੱਡੇ ਫੀਚਰ ਛਪੇ। ਕਈ ਦਿਨ ਫੋਨ ਦੀਆਂ ਘੰਟੀਆ ਵੱਜਦੀਆਂ ਰਹੀਆਂ। ਸਾਹਿਤ ਸਭਾਵਾਂ ਵਾਲਿਆਂ ਨੇ ਮੈਨੂੰ ਇਹ ਪੁਰਸਕਾਰ ਮਿਲਣ 'ਤੇ ਮੇਰੀ ਸ਼ੋਭਾ ਵਿੱਚ ਮੀਟਿੰਗਾਂ ਤੇ ਸਮਾਗਮ ਰਚਾਏ। ਕਾਲਜਾਂ ਦੇ ਵਿੱਚ ਮੇਰੇ ਲਗਾਤਾਰ ਰੂਬਰੂ ਪ੍ਰੋਗਰਾਮ ਰੱਖੇ ਗਏ। ਅਖ਼ਬਾਰਾਂ ਤੇ ਟੀ ਵੀ ਚੈਨਲਾਂ ਉੱਤੇ ਮੇਰੀਆਂ ਮੁਲਾਕਾਤਾਂ ਦੇ ਪ੍ਰੋਗਰਾਮ ਚਲਾਏ ਗਏ। ਕਈ ਹਫ਼ਤੇ ਹੀ ਨਹੀਂ ਬਲਕਿ ਕਈ ਮਹੀਨੇ ਮੇਰੇ ਮਾਣ ਵਿੱਚ ਪ੍ਰੋਗਰਾਮ ਵੱਖ-ਵੱਖ ਸ਼ਹਿਰਾਂ ਕਸਬਿਆਂ ਵਿੱਚ ਹੁੰਦੇ ਰਹੇ। ਵਧਾਈਆਂ ਦੀ ਧੂੜ ਹੀ ਨਹੀਂ ਉਡੀ ਸਗੋਂ ਹਨੇਰੀ ਹੀ ਆ ਗਈ। ਜਿਸ ਦੇ ਨਾਲ ਮੈਂ ਹਵਾ ਵਿੱਚ ਉੱਡਣ ਲੱਗਿਆ। ਹਵਾ ਵਿੱਚ ਉਡਦਾ ਵੀ ਕਿਉਂ ਨਾ ਮੈਨੂੰ ਸਾਹਿਤ ਦਾ ਸਭ ਤੋਂ ਵੱਡਾ ਪੁਰਸਕਾਰ ਜੋ ਮਿਲਿਆ ਸੀ।

ਇਸ ਪੁਰਸਕਾਰ ਮਿਲਣ ਦੇ ਨਾਲ ਮੇਰੇ ਬਹੁਤੇ ਸਮਕਾਲੀ ਖ਼ਾਰ ਖਾਣ ਲੱਗ ਪਏ ਸਨ। ਉਂਝ ਉਹ ਮੂੰਹ ਉਤੇ ਪ੍ਰਸ਼ੰਸਾ ਕਰਦੇ, ਪਿੱਠ ਮੋੜਦਿਆਂ ਹੀ ਮੇਰੀਆਂ ਚੁਗਲੀਆਂ ਤੇ ਪੈਰ ਵੱਢਣ ਲੱਗਦੇ। ਉਹ ਮੇਰੀਆਂ ਲਿਖਤਾਂ ਦੀ ਪੁਣਛਾਣ ਕਰਨ ਲੱਗਦੇ।

ਪੁਰਸਕਾਰ ਦੇ ਨਾਲ ਜੁੜੀਆਂ ਕਈ ਤਰਾਂ ਦੀਆਂ ਕਹਾਣੀਆਂ ਵੀ ਸੁਣਾਉਂਦੇ। ਉਨਾਂ ਦੀਆਂ ਕਹਾਣੀਆਂ ਜਦੋਂ ਮੇਰੇ ਤੱਕ ਪੁੱਜਦੀਆਂ ਤਾਂ ਮੇਰੀਆਂ ਪੁੜਪੁੜੀਆਂ ਵਿੱਚੋਂ ਸੇਕ ਨਿਕਲਣ ਲੱਗਦਾ। ਮੇਰੀਆਂ ਮੁੱਠੀਆਂ ਮੀਚੀਆਂ ਜਾਂਦੀਆਂ ਤੇ ਅੱਖਾਂ ਲਾਲ ਹੋ ਜਾਂਦੀਆਂ। ਗੁੱਸਾ ਦਿਮਾਗ ਨੂੰ ਚੜਨ ਲੱਗਦਾ ਪਰ ਉਹ ਗੁੱਸਾ ਮੈਂ ਕਿਸ ਦੇ ਉਪਰ ਕੱਢਾਂ? ਮੈਨੂੰ ਸਮਝ ਨਾ ਲੱਗਦੀ। ਦੂਸਰੇ ਪਲ ਮੈਂ ਆਪਣੇ ਆਪ ਨੂੰ ਆਖਦਾ। ਉਹਨਾਂ ਉਤੇ ਗੁੱਸਾ ਕਾਹਦਾ। ਅਗਲੇ ਕਹਾਣੀਆਂ ਕਿਹੜਾ ਝੂਠੀਆਂ ਨਹੀਂ ਬਣਾਉਂਦੇ । ਇਨਾਂ ਵਿੱਚ ਕੁੱਝ ਨਾ ਕੁੱਝ ਤਾਂ ਸੱਚ ਹੀ ਹੈ। ਜਦੋਂ ਸੱਚ ਸ਼ਬਦ ਮੇਰੇ ਬੁੱਲਾਂ ਉਤੇ ਆਇਆ ਤਾਂ ਮੇਰੀ 'ਮੈਂ' ਨੇ ਸਿਰ ਚੁੱਕ ਲਿਆ। ਮੈਂ ਆਪਣੀ 'ਮੈਂ' ਦੇ ਅੱਗੇ ਬੌਣਾ ਹੋ ਗਿਆ। ਤੁਸੀਂ ਦੱਸੋ ਕਿ ਬੰਦਾ ਆਪਣੀ ਮੈਂ ਤੋਂ ਕਿਥੇ ਭੱਜ ਕਿ ਜਾਊਗਾ?

ਹੁਣ ਤੁਸੀਂ ਕਹੋਗੇ ਮੈਂ ਆਪਣੀ ਹੀ 'ਮੈਂ' ਦੇ ਅੱਗੇ ਬੌਣਾ ਕਿਉਂ ਹੋ ਗਿਆ? ਅਸਲ ਗੱਲ ਤਾਂ ਇਹ ਹੈ ਕਿ ਅਸੀਂ ਆਪ ਜਿੰਨੇ ਮਰਜ਼ੀ ਲੋਕਾਂ ਦੇ ਸਾਹਮਣੇ ਵੱਡੇ ਬਣੀ ਜਾਈਏ, ਪਰ ਆਪਣੀ 'ਮੈਂ' ਦੇ ਸਾਹਮਣੇ ਅਸੀਂ ਕਦੇ ਵੀ ਵੱਡੇ ਨਹੀਂ ਹੋ ਸਕਦੇ।

ਕਿਉਂਕਿ ਉਸ ਨੂੰ ਸਾਡੀਆਂ ਸਾਰੀਆਂ ਗੱਲਾਂ ਦਾ ਉਸ ਨੂੰ ਪਤਾ ਹੁੰਦਾ ਹੈ। ਜਿਵੇਂ ਹਮਾਮ ਵਿੱਚ ਸਭ ਨੰਗੇ ਹੁੰਦੇ ਹਨ। ਉਸੇ ਤਰਾਂ ਅਸੀਂ ਆਪੋ ਆਪਣੀ 'ਮੈਂ' ਦੇ ਅੱਗੇ ਨੰਗੇ ਹੁੰਦੇ ਹਾਂ। ਨੰਗੀ ਚੀਜ਼ ਕੋਈ ਵੀ ਚੰਗੀ ਨਹੀਂ ਹੁੰਦੀ। ਕਈ ਵਾਰ ਆਪ ਨੂੰ ਹੀ ਆਪਣੇ 'ਨੰਗ' ਤੋਂ ਸ਼ਰਮ ਆਉਣ ਲੱਗਦੀ ਹੈ। ਪਰ ਅਸੀਂ ਬੇ-ਸ਼ਰਮ ਬਣੇ, ਆਪਣੀ 'ਮੈਂ' ਨੂੰ ਖੂੰਜੇ ਲਾਈ ਰੱਖਦੇ ਹਾਂ। ਜਿਹੜੀ ਚੀਜ਼ ਖੂੰਜੇ ਲੱਗ ਜਾਵੇ ਉਹ ਇੱਕ ਦਿਨ ਆਪਣੀ ਮਹੱਤਤਾ ਦਿਖਾ ਹੀ ਦਿੰਦੀ ਹੈ। ਫਿਰ ਜਦੋਂ ਕਦੇ ਉਹ ਬੋਲਦੀ ਹੈ ਤਾਂ ਫਿਰ ਵੱਡਿਆਂ-ਵੱਡਿਆਂ ਦੀ ਗੋਡਣੀ ਲਗਾ ਦਿੰਦੀ ਹੈ। ਫਿਰ ਬੰਦਾ ਉਹੀ ਕੁੱਝ ਬੋਲਦਾ ਤੇ ਕਰਦਾ ਹੈ, ਜੋ 'ਮੈਂ' ਕਰਵਾਉਂਦੀ ਹੈ।

ਵਧਾਈਆਂ ਦੀ ਧੂੜ ਅਜੇ ਬੈਠੀ ਨਹੀਂ ਸੀ, ਇੱਕ ਦਿਨ ਮੇਰੀ 'ਮੈਂ' ਕਾਲੇ ਨਾਗ ਵਾਂਗ ਮੇਰੀ ਹਿੱਕ ਉਤੇ ਫਣ ਤਾਣ ਕੇ ਬੈਠ ਗਈ। ਮੈਂ ਅਜੇ ਬੈੱਡ ਉੱਤੇ ਹੀ ਪਿਆ ਸੀ। ਉਸ ਨੇ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਸਵਾਲ ਕਰਨੇ ਸ਼ੁਰੂ ਕਰ ਦਿੱਤੇ। ਹੁਣ ਮੈਂ ਨਾ ਤਾਂ ਝੂਠ ਬੋਲ ਸਕਦਾ ਸੀ ਤੇ ਨਾ ਹੀ ਕਿਧਰੇ ਭੱਜ ਕੇ ਜਾ ਸਕਦਾ ਸੀ। ਤੁਸੀ ਘਰ, ਸਮਾਜ ਤੋਂ ਭੱਜ ਕੇ ਦੂਰ ਜਾ ਸਕਦੇ ਹੋ, ਪਰ ਆਪਣੀ 'ਮੈਂ' ਦੇ ਕੋਲੋਂ ਕਿਧਰੇ ਵੀ ਭੱਜ ਨਹੀਂ ਸਕਦੇ। ਇਹ ਹਰ ਵੇਲੇ ਤੁਹਾਨੂੰ ਘੇਰੀ ਰੱਖਦੀ ਹੈ।

ਉਹ ਆਖਣ ਲੱਗੀ, "ਵੱਡਿਆ ਕਵੀਆ! ਬਹੁਤ ਹੋ ਗਈ ਪ੍ਰਸ਼ੰਸਾ, ਬਹੁਤ ਮਿਲ ਗਈਆਂ ਵਧਾਈਆਂ, ਮਾਣ ਸਨਮਾਨ ਵੀ ਬਹੁਤ ਮਿਲ ਗਿਆ। ਪਰ ਜਿਨਾਂ ਦਾ ਤੂੰ ਹੱਕ ਮਾਰਿਆ, ਕਦੇ ਉਨਾਂ ਬਾਰੇ ਵੀ ਸੋਚਿਆ। ਤੂੰ ਕਿਹੜੀ ਕਿਹੜੀ ਜੁਗਾੜਬੰਦੀ, ਪੌੜੀ ਤੇ ਹਰਬਾ ਨਹੀਂ ਵਰਤਿਆ ਇਹ ਪੁਰਸਕਾਰ ਲੈਣ ਲਈ। ਤੂੰ ਕਹਿੰਨਾ ਕਿ ਮੈਨੂੰ ਇਹ ਪੁਰਸਕਾਰ ਯੋਗਤਾ ਦੇ ਆਧਾਰ ਉੱਤੇ ਮਿਲਿਆ। ਭਲਾ ਦੱਸ ਤੇਰੀ ਯੋਗਤਾ ਕੀ ਹੈ? ਚੰਗਾ ਭਲਾ 'ਲੋਕ ਕਵੀ' ਬਣਦਾ ਬਣਦਾ ਤੂੰ 'ਰਾਜ ਕਵੀ' ਬਣ ਕੇ ਦਰਬਾਰੀ ਕਵੀ ਬਣ ਗਿਆ ਤੇ ਸੱਤਾ ਦੇ ਸੋਹਿਲੇ ਗਾਉਣ ਲੱਗ ਪਿਆ। ਮੈਂ ਉਦੋਂ ਵੀ ਚੁੱਪ ਰਹੀ। ਪਰ ਹੁਣ ਤਾਂ ਤੂੰ ਹੱਦ ਹੀ ਟੱਪ ਗਿਆ। ਤੈਨੂੰ ਕਿਸੇ ਪੇਂਡੂ ਸਾਹਿਤ ਸਭਾ ਨੇ ਕਦੇ ਸਨਮਾਨਿਤ ਨਹੀਂ ਕੀਤਾ ਤੇ ਤੂੰ ਭਾਰਤੀ ਸਾਹਿਤ ਅਕਾਦੇਮੀ ਪੁਰਸਕਾਰ ਤੱਕ ਪੁੱਜ ਗਿਆ।"

ਹਾਲਤ ਮੇਰੀ ਆਪ ਦੇ ਜੇਤੂ ਐਮ ਐਲ ਏ ਤੇ ਐਮ ਪੀ ਵਰਗੀ ਹੋ ਗਈ ਜਿਹਨਾਂ ਨੂੰ ਪਿੰਡ ਕਿਸੇ ਨੇ ਪੰਚ ਨੀ ਸੀ ਬਨਣ ਦੇਣਾ, ਉਹ ਐਮ.ਪੀ ਤੇ ਐਮ ਐਲ ਏ ਬਣ ਗਏ। ਇਵੇਂ ਹੀ ਯੂਨੀਵਰਸਿਟੀਆਂ ਦੇ ਵਿੱਚ ਆ, ਜਿਹੜੇ ਸਕੂਲ ਦੇ ਮਾਸਟਰ ਬਨਣ ਦੇ ਯੋਗ ਨਹੀਂ ਸੀ, ਉਹ ਪ੍ਰੋਫੈਸਰ ਬਣ ਗਏ। ਇਸੇ ਤਰਾਂ ਸਾਡੇ ਨਾਲ ਹੋਈ।

ਉਸ ਦੀਆਂ ਗੱਲਾਂ ਸੁਣ ਕੇ ਸਿਆਲ ਦੇ ਦਿਨਾਂ ਵਿੱਚ ਮੈਨੂੰ ਏਨਾ ਪਸੀਨਾ ਆਇਆ, ਜਿਵੇਂ ਮੈਂ ਬੈਡ ਉਤੇ ਨਾ ਬਲਕਿ ਦਰਿਆ ਵਿੱਚ ਸਣੇ ਕੱਪੜੇ ਪਿਆ ਹੋਵਾਂ। ਮੁੜਕੋ ਮੁੜਕੀ ਹੋਈ ਪਿਆ ਰਿਹਾ ਹੋਰ ਕਰਦਾ ਵੀ ਕੀ?

ਮਰਦਾ ਕੀ ਨਾ ਕਰਦਾ। ਮੇਰੀ 'ਮੈਂ' ਨੇ ਜੋ ਵੀ ਮੈਨੂੰ ਸਵਾਲ ਪੁੱਛੇ, ਮੇਰੇ ਕੋਲ ਉਹਨਾਂ ਦਾ ਕੋਈ ਜਵਾਬ ਨਾ ਆਵੇ। ਉਂਝ ਜਵਾਬ ਤਾਂ ਸਾਰੇ ਮਨ ਵਿੱਚ ਸਨ। ਪਰ ਜ਼ੁਬਾਨ ਸਾਥ ਨਹੀਂ ਸੀ ਦੇ ਰਹੀ। ਹੌਸਲਾ ਇਕੱਠਾ ਕਰਦਾ, ਬੋਲਣ ਦੀ ਹਿੰਮਤ ਕਰਦਾ ਪਰ ਮੈਥੋਂ ਬੋਲਿਆ ਕੁੱਝ ਵੀ ਨਹੀਂ ਸੀ ਜਾਂਦਾ। ਮੈਂ ਬਹੁਤ ਪਰੇਸ਼ਾਨ ਸੀ। ਕਰਾਂ ਤਾਂ ਕੀ ਕਰਾਂ।

ਹਿੰਮਤ ਜਿਹੀ ਇਕੱਠੀ ਕਰਕੇ ਮੇਰੇ ਵਿਚਲਾ ਕਾਮਰੇਡ ਜਾਗ ਪਿਆ ਤੇ ਜੋਰ ਨਾਲ ਬੋਲਿਆ " ਭਲਾ ਹੱਕ ਮੰਗਿਆਂ ਕਦੇ ਮਿਲਦੇ ਹਨ? ਇਹ ਤਾਂ ਖੋਹੇ ਜਾਂਦੇ ਹਨ। ਮੈਂ ਵੀ ਇਹ ਪੁਰਸਕਾਰ ਖੋਹਿਆ ਹੀ ਹੈ। ਜੇ ਮੈਂ ਨਾ ਖੋਹਦਾ ਤਾਂ ਮੇਰੇ ਨਾਲੋਂ ਕੋਈ ਹੋਰ ਜ਼ੋਰਾਵਰ ਖੋਹ ਕੇ ਲੈ ਜਾਂਦਾ। ਨਾਲੇ ਕਿੰਨਾਂ ਚਿਰ ਹੋ ਗਿਆ ਹੈ, ਮੈਨੂੰ ਲਿਖਦੇ ਨੂੰ। ਡੇਢ ਦਰਜਨ ਕਿਤਾਬਾਂ ਮੈਂ ਮਾਂ ਬੋਲੀ ਪੰਜਾਬੀ ਦੀ ਝੋਲੀ ਵਿੱਚ ਪਾਈਆਂ। ਅੱਧੀ ਦਰਜਨ ਖਰੜੇ ਪਏ ਹਨ। ਇਹ ਕੋਈ ਘੱਟ ਪ੍ਰਾਪਤੀ ਹੈ। ਮੇਰੀਆਂ ਪ੍ਰਾਪਤੀਆਂ ਨੂੰ ਇਹ ਮਾਣ ਮਿਲਣਾ ਚਾਹੀਦਾ ਸੀ ਪਰ ਅਗਲਿਆਂ ਦਿੱਤਾ ਹੈ ਨਹੀਂ ਲੈਣਾ ਪਿਆ।"

" ਅੱਛਾ ਇਹ ਤੇਰੀਆਂ ਪ੍ਰਾਪਤੀਆਂ ਨੂੰ ਇਨਾਮ, ਸਨਮਾਨ ਤੇ ਪੁਰਸਕਾਰ ਮਿਲਿਆ ਹੈ?" ਉਸ ਨੇ ਮੇਰੀ ਗੱਲ ਵਿਚੇ ਕੱਟਦਿਆਂ ਫਿਰ ਸਵਾਲ ਦਾਗ਼ ਦਿੱਤਾ। ਮੈਂ ਆਪਣੀ ਮੈਂ ਦੇ ਸਾਹਮਣੇ ਪਾਣੀ ਪਾਣੀ ਹੋ ਗਿਆ। ਉਹ ਫਿਰ ਚੀਕੀ, 'ਸੌ ਹੱਥ ਰੱਸਾ ਸਿਰੇ ਤੇ ਗੰਢ' ਤੂੰ ਕਹਾਣੀਆਂ ਨਾ ਪਾ-ਸਿੱਧੀ ਗੱਲ ਦੱਸ।

ਤੂੰ ਇਹ ਪੁਰਸਕਾਰ ਲੈਣ ਲਈ ਕੀ ਕੀ ਨੀਂ ਪਾਪੜ ਵੇਲੇ। ਲੋਕਾਂ ਦੀਆਂ ਜੁੱਤੀਆਂ ਘਸਦੀਆਂ ਨੇ, ਤੇਰੇ ਤਾਂ . . ਕਾਰ ਦੇ ਟਾਇਰ ਹੀ ਘਸੇ ਪਏ ਨੇ। ਨਾਲੇ ਤੇਰੀਆਂ ਮਨ ਦੇ ਨਾਲ ਕੀਤੀਆਂ ਗੱਲਾਂ ਵਾਲੀਆਂ ਰਚਨਾਵਾਂ ਨੇ ਲੋਕਾਂ ਦਾ ਕੀ ਸੰਵਾਰਨਾ ਹੈ? ਨਾਲੇ ਤੈਨੂੰ ਪਤਾ ਹੈ ਕਿ ਇੱਥੇ ਆਮ ਲੋਕਾਂ ਦਾ ਜਿਉਣਾ ਦੁਬਰ ਹੋਇਆ ਪਿਆ ਹੈ? ਤੂੰ ਇਸ਼ਕ ਦੀਆਂ ਗੱਲਾਂ ਕਰੀ ਜਾ ਰਿਹਾ ਸਾਰਾ ਕਿੱਸਾ ਕਾਵਿ ਤਾਂ ਹਿਹਨਾਂ ਦੇ ਨਾਲ ਭਰਿਆ ਪਿਆ ਹੈ ਤੂੰ ਕੀ ਨਵਾਂ ਚੰਦ ਚਾੜ ਰਿਹਾ ?ਠ

ਦੂਜੇ ਪਾਸੇ ਆਮ ਲੋਕਾਂ ਦਾ ਕਚੂੰਬਰ ਨਿਕਲ ਗਿਆ ਤੂੰ-ਪਿਆਰ ਦੀ ਗੱਲਾਂ ਕਰੀ ਜਾਨਾਂ? ਉਹਨਾਂ ਲੋਕਾਂ ਬਾਰੇ ਵੀ ਕੁੱਝ ਲਿਖ, ਜਿਨਾਂ ਦੀ ਮਿਹਨਤ ਵਿੱਚੋਂ ਇਹ ਪੁਰਸਕਾਰ ਮਿਲਿਆ। ਪੈਸਾ ਤਾਂ ਲੋਕਾਂ ਦਾ ਹੈ। ਪਰ ਤੈਂ ਕਦੇ ਲੋਕਾਂ ਦੀ ਗੱਲ ਕੀਤੀ ਹੈ? ਇੱਥੇ ਹਰ ਬੰਦਾ ਟੈਕਸ ਅਦਾ ਕਰਦਾ ਹੈ। ਇਨਾਮ ਤਾਂ ਲੋਕ ਦੇਂਦੇ ਹਨ, ਕਦੇ ਲੋਕਾਂ ਨੇ ਤੈਨੂੰ ਪੁਰਸਕਾਰ ਦਿੱਤਾ ਹੈ? ਵੱਡਿਆ ਵਿਦਵਾਨ ਕਵੀਆ ? ' ਵੱਡਾ ਵਿਦਵਾਨ ਬਣਿਆ ਫਿਰਦਾ' ? ਇਨਾਂ ਸਵਾਲਾਂ ਦੀ ਝੜੀ ਨੇ ਮੈਨੂੰ ਪਾਣੀ-ਪਾਣੀ ਕਰ ਦਿੱਤਾ।

ਮੈਂ ਸੋਚਣ ਲੱਗਿਆ- "ਕੀ ਖੱਟਿਆ ਮੈਂ ਇਹ ਪੁਰਸਕਾਰ ਲੈ ਕੇ?" ਲੋਕਾਂ ਵਿੱਚ ਤਾਂ ਜ਼ਰੂਰ ਮੈਂ ਸ਼੍ਰੋਮਣੀ ਕਵੀ। ਕੌਮੀ ਤੇ ਰਾਜ ਕਵੀ ਬਣ ਗਿਆ, ਪਰ ਮੇਰੀ 'ਮੈਂ' ਦੇ ਸਾਹਮਣੇ ਮੈਂ ਕੁੱਝ ਵੀ ਨਹੀਂ। ਨਾਲੇ ਸਰਕਾਰੀ ਇਨਾਮ ਲੈਣ ਦੇ ਨਾਲ ਬੰਦਾ ਵੱਡਾ ਲੇਖਕ ਨਹੀਂ ਬਣ ਜਾਂਦਾ। ਉਹ ਵੱਡਾ ਲੇਖਕ ਤਾਂ ਹੀ ਬਣ ਸਕਦਾ ਹੈ, ਜੇ ਲੋਕ ਉਸ ਨੂੰ ਮਾਨਤਾ ਦੇਣ। ਮੈਨੂੰ ਲੋਕਾਂ ਨੇ ਤਾਂ ਮਾਨਤਾ ਦਿੱਤੀ ਹੀ ਨਹੀਂ। ਲੋਕ ਤਾਂ ਹੀ ਮਾਨਤਾ ਦੇਣਗੇ, ਜੇ ਮੈਂ ਲੋਕਾਂ ਦੀ ਗੱਲ ਕਰਾਂਗਾ। ਮੈਂ ਤਾਂ ਅਜੇ ਪਿਆਰ ਵਿੱਚੋਂ ਹੀ ਬਾਹਰ ਨਹੀਂ ਨਿਕਲਿਆ। ਕਬਰਾਂ ਵਿੱਚ ਲੱਤਾਂ ਆ ਗਈਆਂ, ਅਜੇ ਵੀ ਮੈਨੂੰ 'ਮਹਿਬੂਬ' ਦੀ ਉਡੀਕ ਹੈ। ਇਸੇ ਕਰਕੇ ਮੈਂ ਆਪਣੀ ਮਹਿਬੂਬ ਦੀ ਉਡੀਕ ਵਿੱਚ ਲਿਖੀ ਜਾਂਦਾ ਹਾਂ।" ਮੈਂ ਆਪਣੇ ਆਪ ਨਾਲ ਹੀ ਗੱਲਾਂ ਕਰੀ ਜਾ ਰਿਹਾ ਸੀ। ਗੱਲਾਂ ਤਾਂ ਮੈਂ ਕਰਦਾ ਸੀ, ਪਰ ਮੈਂ ਆਪਣੀ 'ਮੈਂ' ਦੇਪ ਸਾਹਮਣੇ ਗੋਡੇ ਟੇਕੀ ਬੈਠਾ ਸੀ।

ਇੱਕ ਵਾਰ ਮਨ ਵਿੱਚ ਆਇਆ ਕਿ ਮੈਂ ਘਰੋਂ ਬਾਹਰ ਨਿਕਲ ਕੇ ਉੱਚੀ ਉੱਚੀ ਰੌਲਾ ਪਾਵਾਂ। "ਮੈਨੂੰ ਇਹ ਪੁਰਸਕਾਰ ਮਿਲਿਆ ਨਹੀਂ। ਸਗੋਂ ਮੈਂ ਇਸ ਨੂੰ ਹਥਿਆਇਆ ਹੈ। ਇਸ ਦੀ ਜਿਊਰੀ ਦੇ ਮੈਂਬਰਾਂ ਨੂੰ ਗੰਢਿਆ ਹੈ। ਉਨਾਂ ਦੀ 'ਸੇਵਾ' ਕੀਤੀ ਹੈ। 'ਸੇਵਾ' ਵਿੱਚ ਸਭ ਕੁੱਝ ਪੱਕੇ ਤੋਂ ਕੱਚੇ ਮਾਸ ਤੱਕ ਸ਼ਾਮਿਲ ਸੀ ਪਰ ਮੈਂ ਇਸਪ ਪੁਰਸਕਾਰ ਦਾ ਹੱਕਦਾਰ ਨਹੀਂ ਸੀ। ਮੈਂ ਕਿਸੇ ਹੋਰ ਦਾ ਹੱਕ ਮਾਰਿਆ ਹੈ। ਮੈਂ ਦੋਸ਼ੀ ਹਾਂ, ਲੋਕਾਂ ਦਾ ਤੇ ਆਪਣੀ ਜ਼ਮੀਰ ਦਾ ।

" ਮੈਂ ਸੱਚਮੁੱਚ ਉੱਚੀ ਉਂਚੀ ਚੀਕ ਰਿਹਾ ਸੀ, ਮੇਰੀ ਘਰਵਾਲੀ ਮੇਰੇ ਕੋਲ ਕੱੜਛੀ ਵਿੱਚ ਗੁਗਲ ਲਈ ਖੜੀ। ਘਰ ਵਿਚ ਧੂੰਆਂ ਹੀ ਧੂੰਆਂ ਹੋਇਆ ਪਿਆ ਸੀ ਪਰ ਉਸ ਦੀ ਨਿਗਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਵੱਲ ਸੀ।

ਉਹ ਅਰਦਾਸ ਕਰ ਰਹੀ ਸੀ। ਉਹ ਕੀ ਅਰਦਾਸ ਕਰਦੀ ਸੀ? ਉਹ ਕਹਿ ਰਹੀ ਸੀ "ਇਹੋ ਜਿਹੇ ਪੁਰਸਕਾਰ ਨਾਲੋਂ ਵਾਹਿਗੁਰੂ ਅਸੀਂ ਐਵੇਂ ਹੀ ਚੰਗੇ ਹਾਂ।" ਹੁਣ ਮੈਂ ਚੰਗਾ ਬਨਣ ਦੀ ਸੋਚ ਰਿਹਾ ਸੀ। ਤਾਂ ਕਿ ਜਿਨਾਂ ਲੋਕਾਂ ਵੱਲ ਮੈਂ ਪਿੱਠ ਮੋੜੀ ਸੀ, ਉਨਾਂ ਵੱਲ ਮੂੰਹ ਕਰ ਲਿਆ। ਮੈਨੂੰ ਆਪਣੇ ਆਪ ਤੋਂ ਲਾਹਣਤ ਆ ਰਹੀ । ਮੈਂ ਛੇਤੀ ਦੇ ਕੇ ਉਠਦਾ ਹਾਂ ਤੇ ਪੁਰਸਕਾਰ ਨੂੰ ਚੱਕ ਕੇ ਮੈਂ ਘਰੋਂ ਬਾਹਰ ਵਗਾ ਕੇ ਮਾਰਦਾ ਹਾਂ।

ਪੋਸਟ ਸਕ੍ਰਿਪਟ

ੴ ਹਥਿਆਰਬੰਦ ਕਲਮਾਂ ਦੇ ਵੱਲੋਂ ਪੁਰਸਕਾਰ ਹਥਿਆਉਣ ਕਰਕੇ ...ਕਈ ਸੱਚੇ ਬੰਦੇ ਵੀ ਬੋਲਦੇ ਨਹੀਂ ..ਪਰ ਸੁਣਿਆ ਹੈ ਕਿ ਉਹ ਵੀ ਕੁੱਤੇ ਝਾਕ ਵਿੱਚ ਤੇ ਇਸ ਆਸ ਵਿੱਚ ਹਨ...ਕਿ ਹੋ ਸਕਦਾ ਮੈਨੂੰ ਵੀ ਪੁਰਸਕਾਰ ਮਿਲ ਜਾਊਗਾ...?

ਹੁਣ ਇਹ ਪੁਰਸਕਾਰ ਸੰਸਥਾਵਾਂ ਵੱਲੋਂ ਦਿੱਤੇ ਨਹੀਂ ਜਾਂਦੇ ..ਸਗੋਂ ਜਿਓਣੇ ਮੌੜ ਵਾਂਗੂੰ ਲੌਂਗੋਵਾਲ ਦੀਆਂ ਤੀਆਂ ਵਾਂਗੂੰ ਲੁੱਟੇ ਜਾਂਦੇ ਹਨ...। ਜਿਹੜਾ ਬਾਜ਼ੀ ਮਾਰ ਗਿਆ ; ਉਹੀ ਗੋਰਖਨਾਥ ਦਾ ਚੇਲਾ। ਕੋਈ ਸਮਾਂ ਸੀ ਪੁਰਸਕਾਰ ਦੀ ਮਹੱਤਤਾ ਸੀ, ਹੁਣ ਤੇ ਪਹਿਲਾਂ ਹੀ ਪਤਾ ਹੁੰਦਾ ਕਿ ਇਸ ਵਾਰ ਇਹ ਢੁਕੂਗਾ ਪੁਰਸਕਾਰ ਇਹ ਬੀਮਾਰੀ ਸੁਖਪਾਲਵੀਰ ਹਸਰਤ ਵੇਲੇ ਸ਼ੁਰੂ ਹੋਈ ਸੀ...ਜੋ ਹੁਣ ਕੈਂਸਰ ਬਣ ਗਈ ਹੈ...ਹੁਣ ਨਾ ਬੀਮਾਰੀ ਹਟੇ ਤੇ ਮਰੀਜ਼ ਲੇਖਕ /ਕਵੀ/ ਅਲੋਚਕ /ਪੱਤਰਕਾਰ / ਰਾਗੀ/ ਢਾਡੀ / ਆਦਿ ਕੋਈ ਬਚ ਸਕੇ। ਬੋਲਣਾ ਸਮੇਂ ਦੀ ਲੋੜ ਹੁੰਦਾ ਹੈ... ਤੁਸੀਂ ਇਸ ਵੇਲੇ ਵੀ ਜੇ ਨਹੀਂ ਬੋਲੇ ਤਾਂ ਤੁਸੀਂ ਜਿਉਂਦੇ ਨਹੀਂ ...ਲਾਸ਼ਾਂ ਹੋ....? ਉਂਝ ਕਰਨਲ ਜਸਬੀਰ ਸਿੰਘ ਭੁੱਲਰ ਨੇ "ਨਾਵਲ ਖਿੱਦੋ " ਵਿੱਚ ਕੁੱਝ ਕੁ ਮੁੱਖ ਲੀਰਾਂ ਵਾਰੇ ਦੱਸਿਆ ਹੈ ।

ਬਾਕੀ ਸਭ ਕਤਾਰ ਵਿੱਚ ਲੱਗੇ ਹਨ ।

ਦੇਖਦੇ ਆ ਕੌਣ ਕੀ ਬੋਲਦਾ ਹੈ...ਸੱਚ ਝੂਠ ....?



**ਬੁੱਧ ਸਿੰਘ ਨੀਲੋਂ**
**94643-70823**

## ਅਵਤਾਰ ਤਰਕਸ਼ੀਲ ਨਿਊਜ਼ੀਲੈਂਡ ਵਲੋਂ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਨੂੰ ਪੁਸਤਕਾਂ ਦਾ ਸਹਿਯੋਗ











ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਵੱਲੋਂ, ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਦੇ ਉਦੇਸ਼ ਨਾਲ ਜਿਹੜੀ ਮੁਹਿੰਮ ਵਿੱਢੀ ਗਈ ਹੈ ਉਸ ਤੋਂ ਪ੍ਰਭਾਵਿਤ ਹੋ ਕੇ ਅਵਤਾਰ ਹੋਰਾਂ ਨੇ ਸਾਨੂੰ ਆਪਣੀਆਂ ਚਾਰ ਪੁਸਤਕਾਂ ਦੀਆਂ 25-25 ਕਾਪੀਆਂ (ਕੁੱਲ ਸੌ ਪੁਸਤਕਾਂ), ਵਿਦਿਆਰਥੀਆਂ ਨੂੰ ਦੇਣ ਲਈ ਭੇਜੀਆਂ ਹਨ। ਇਨ੍ਹਾਂ ਪੁਸਤਕਾਂ ਦੀ ਕੀਮਤ 22,250/ਰੁਪਏ ਬਣਦੀ ਹੈ। ਚਾਰ ਵਿੱਚੋਂ ਤਿੰਨ ਪੁਸਤਕਾਂ 'ਸਵੈ ਵਿਕਾਸ ਬਾਰੇ', 'ਮੋਟੀਵੇਸ਼ਨਲ ਤੇ ਹੋਰ ਲੇਖ' ਅਤੇ 'ਤਰਕਸ਼ੀਲਤਾ ਅਤੇ ਤੰਦਰੁਸਤੀ' ਉਹਨਾਂ ਦੀਆਂ ਆਪਣੀਆਂ ਲਿਖੀਆਂ ਹੋਈਆਂ ਹਨ ਅਤੇ ਚੌਥੀ ਪੁਸਤਕ 'ਮਜ਼ਦੂਰ ਤੋਂ ਅਰਬਪਤੀ ਬਣਨ ਦਾ ਸਫ਼ਰ' ਡਾ ਰਾਜਾ ਰਾਮ ਹੰਡਿਆਇਆ ਦੀ ਲਿਖੀ ਹੋਈ ਹੈ ਜੋ ਅਵਤਾਰ ਸਿੰਘ ਦੇ ਆਰਥਿਕ ਵਿਕਾਸ ਦੀ ਕਹਾਣੀ ਬਿਆਨ ਕਰਦੀ ਹੈ। ਚਾਰੇ ਪੁਸਤਕਾਂ ਮਨੁੱਖ, ਖਾਸ ਕਰ ਵਿਦਿਆਰਥੀਆਂ ਨੂੰ ਸੰਘਰਸ਼ਸ਼ੀਲ ਜੀਵਨ ਜਿਉਣ ਲਈ ਪ੍ਰੇਰਦੀਆਂ ਹਨ। ਆਸਾਨ ਭਾਸ਼ਾ ਵਿੱਚ ਲਿਖੀਆਂ ਇਹ ਪੁਸਤਕਾਂ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਦਾ ਕੰਮ ਕਰਨਗੀਆਂ। ਸੰਸਥਾ ਅਵਤਾਰ ਤਰਕਸ਼ੀਲ ਦੇ ਨਾਲ ਨਾਲ ਅਵਤਾਰ ਤਰਕਸ਼ੀਲ ਨੂੰ ਇਸ ਕਾਰਜ਼ ਲਈ ਪ੍ਰੇਰਣ ਵਾਲੇ ਰਮੇਸ਼ਵਰ ਸਿੰਘ ਦੀ ਧੰਨਵਾਦੀ ਹੈ।



# ਸਾਉਣ ਮਹੀਨੇ ਦਿਨ ਗਿੱਧੇ ਦੇ...

ਪੰਜਾਬੀ ਸਭਿਆਚਾਰ ਵਿੱਚ ਰੁੱਤਾਂ ਤੇ ਮੌਸਮਾਂ ਦਾ ਵਿਸ਼ੇਸ਼ ਸਥਾਨ ਤੇ ਇਨ੍ਹਾਂ ਦੇ ਬਦਲਣ ਨਾਲ ਲੋਕ ਜੀਵਨ ਵੀ ਪ੍ਰਭਾਵਿਤ ਹੁੰਦਾ ਹੈ। ਪੰਜਾਬੀ ਲੋਕ ਜੀਵਨ ਵਿੱਚ ਸਾਉਣ ਦੇ ਮਹੀਨੇ ਦਾ ਵਿਸ਼ੇਸ਼ ਮਹੱਤਵ ਹੈ ਤੇ ਇਸ ਮਹੀਨੇ ਦਾ ਲੋਕਾਂ ਨਾਲ ਬੜਾ ਨੇੜਲਾ ਸਬੰਧ ਹੈ।ਲੋਕ ਜੀਵਨ ਵਿੱਚ ਇਹ ਮਹੀਨਾ ਖੁਸ਼ੀਆਂ, ਖੇੜਿਆਂ, ਨੱਚਣ -ਟੱਪਣ ,ਗਿੱਧੇ, ਭੰਗੜੇ, ਕਿੱਕਲੀ ਆਦਿ ਪਾਉਣ ਦਾ ਪ੍ਰਤੀਕ ਬਣ ਗਿਆ ਹੈ। ਲੋਕ ਸਾਉਣ ਦੇ ਮਹੀਨੇ ਦੀਆਂ ਖੁਸ਼ੀਆਂ ਨੂੰ ਆਪਣੇ ਧੁਰ ਅੰਦਰ ਤੱਕ ਵਸਾ ਲੈਣਾ ਚਾਹੁੰਦੇ ਹਨ। ਇਸ ਤਰ੍ਹਾਂ ਪ੍ਰਤੀਤ ਹੋਣ ਲੱਗ ਜਾਂਦਾ ਹੈ ਜਿਵੇਂ ਸਾਉਣ ਦਾ ਮਹੀਨਾ ਵੀ ਲੋਕਾਂ ਸੰਗ ਰਲ ਮਿਲ ਕੇ ਨੱਚਦਾ, ਖੇਡਦਾ, ਗਾਉਂਦਾ, ਹੱਸਦਾ, ਮੌਜ - ਮਸਤੀ ਮਨਾ ਰਿਹਾ ਹੋਵੇ।ਇਸ ਮਹੀਨੇ ਅਕਸਰ ਲੋਕੀਂ ਆਪਣੇ ਆਪਣੇ ਤਰੀਕੇ ਨਾਲ ਇਸ ਮਹੀਨੇ ਦੀ ਆਮਦ 'ਤੇ ਖੁਸ਼ੀਆਂ ਮਨਾਉਂਦੇ ਹਨ।

ਸਾਉਣ ਦੇ ਮਹੀਨੇ ਵਿੱਚ ਮਨੁੱਖੀ ਮਨ ਦੇ ਖੁਸ਼ੀ ਵਿੱਚ ਝੂਮ ਉੱਠਣ ਦਾ ਅਸਲ ਕਾਰਨ ਇਹ ਸਮਝਿਆ ਜਾਂਦਾ ਹੈ ਕਿ ਇਸ ਮਹੀਨੇ ਮੀਂਹ ਪੈਣ ਨਾਲ ਮੌਸਮ ਖੁਸ਼ਗਵਾਰ ਹੋ ਜਾਂਦਾ ਹੈ।ਜੇਠ ਹਾੜ ਦੇ ਮਹੀਨਿਆਂ ਦੀ ਕਹਿਰਾਂ ਦੀ ਤਪਸ਼ ,ਲੂਅ ਅਤੇ ਗਰਮੀ ਤੋਂ ਸਤਾਏ ਲੋਕਾਂ ਨੂੰ, ਧਰਤੀ ਨੂੰ, ਜੀਵਾਂ ਨੂੰ, ਬਨਸਪਤੀ ਆਦਿ ਨੂੰ ਗਰਮੀ ਤੋਂ ਰਾਹਤ ਮਿਲਦੀ ਹੈ।ਜੇਠ ਹਾੜ ਦੀ ਗਰਮੀ ਲੋਕਾਂ ਨੂੰ ਲੂਹ ਸੁੱਟਦੀ ਹੈ ।ਲੋਕ ਲਲਚਾਈਆਂ ਨਜ਼ਰਾਂ ਨਾਲ ਸਵੇਰੇ ਸ਼ਾਮ ਆਕਾਸ਼ ਵਿੱਚ ਬਦਲੋਟੀਆਂ ਨੂੰ ਭਾਲਦੇ ਫਿਰਦੇ ਹਨ।ਜਦ ਸਾਉਣ ਦੀਆਂ ਫੁਹਾਰਾਂ ਠੰਢਕ ਤੇ ਨਮੀ ਲੈ ਕੇ ਆਉਂਦੀਆਂ ਹਨ,ਧਰਤੀ ਦੀ ਚਿਰੋਕਣੀ ਪਿਆਸ ਬੁਝਦੀ ਹੈ ਤਾਂ ਖੁਸ਼ੀ ਦਾ ਪਾਸਾਰ ਹੋਣਾ ਸੁਭਾਵਿਕ ਹੁੰਦਾ ਹੈ :

ਸਾਉਣ ਮਹੀਨੇ ਦਿਨ ਗਿੱਧੇ ਦੇ
ਕੁੜੀਆਂ ਰਲ ਕੇ ਆਈਆਂ
ਨੱਚਣ, ਕੁੱਦਣ,ਝੂਟਣ ਪੀਂਘਾਂ
ਵੱਡਿਆਂ ਘਰਾਂ ਦੀਆਂ ਜਾਈਆਂ
ਗਿੱਧਾ ਪਾ ਰਹੀਆਂ ਨਣਦਾਂ ਤੇ ਭਰਜਾਈਆਂ...

ਸਾਉਣ ਦਾ ਮਹੀਨਾ ਆਪਣਾ ਰੰਗ ਵਿਖਾਉਂਦਾ ਹੈ ਤਾਂ ਹੌਲੀ ਹੌਲੀ ਜੰਮ ਕੇ ਮੀਂਹ ਪੈਣ ਲੱਗਦਾ ਹੈ।ਸਾਉਣ ਦੇ ਮਹੀਨੇ ਲੱਗਦੀਆਂ ਰਹੀਆਂ ਝੜੀਆਂ ਨੂੰ ਲੋਕ ਅਕਸਰ ਯਾਦ ਕਰਦੇ ਹਨ। ਲਗਾਤਾਰ ਵਰ੍ਹਦਾ ਰਹਿਣ ਵਾਲਾ ਮੀਂਹ ਵਾਰੇ ਨਿਆਰੇ ਕਰ ਦਿੰਦਾ ਹੁੰਦਾ ਸੀ। ਹੁਣ ਮੀਂਹ ਪੈਂਦਾ ਹੈ ਤਾਂ ਇਸ ਮਹੀਨੇ ਦਾ ਰੂਪ ਨਿਖਰਨ ਲੱਗਦਾ ਹੈ। ਗਿੱਧੇ, ਭੰਗੜੇ, ਤੀਆਂ, ਕਿੱਕਲੀ ਆਦਿ ਦੇ ਪਿੜਾਂ ਵਿੱਚ ਰੌਣਕ ਵਧਣ ਲੱਗਦੀ ਹੈ। ਅੱਲ੍ਹੜ ਮੁਟਿਆਰਾਂ ਕਾਲੀਆਂ ਘਟਾਵਾਂ ਵੇਖ ਕੇ ਖੁਸ਼ੀ ਵਿੱਚ ਫੁੱਲੀਆਂ ਨਹੀਂ ਸਮਾਉਂਦੀਆਂ ਨੱਚਣ ਲਈ ਉਤਾਵਲੀਆਂ ਹੋਈਆਂ ਕੁੜੀਆਂ ਦੀ ਅੱਡੀ ਟੱਪਣ ਲੱਗਦੀ ਹੈ ਤੇ ਉਨ੍ਹਾਂ ਦੇ ਬੁੱਲ੍ਹਾਂ 'ਤੇ ਸਾਉਣ ਦੇ ਸਵਾਗਤ ਵਿੱਚ ਉਚਾਰੇ ਪੰਜਾਬੀ ਲੋਕ ਗੀਤਾਂ ਦੇ ਬੋਲ ਆਪ -ਮੁਹਾਰੇ ਆਉਣ ਲੱਗਦੇ ਹਨ।ਸਾਉਣ ਮਹੀਨੇ ਦਾ ਮੀਂਹ, ਪੀਂਘਾਂ ਦੇ ਹੁਲਾਰੇ, ਰਸ ਭਿੰਨੀਆਂ ਫੁਹਾਰਾਂ ,ਸਹੇਲੀਆਂ ਦਾ ਸਾਥ ਆਦਿ ਗਿੱਧੇ ਦੇ ਬੋਲਾਂ ਨੂੰ ਹੋਰ ਬਲ ਪ੍ਰਦਾਨ ਕਰਦੇ ਹਨ :

○ ਉਰਲੇ ਪਾਸੇ ਮੀਂਹ ਵਰਸੇਂਦਾ ਪਰਲੇ ਪਾਸੇ 'ਨ੍ਹੇਰੀ
ਸਾਉਣ ਦਿਆ ਬੱਦਲਾ ਵੇ,ਮੁੜ ਕੇ ਹੋ ਜਾ ਢੇਰੀ
○ ਸਾਉਣ ਮਹੀਨੇ ਘਾਹ ਹੋ ਗਿਆ
ਰੱਜੀਆਂ ਮੱਝੀਆਂ ਗਾਈਂ
ਗਿੱਧਿਆ ਪਿੰਡ ਵੜ ਵੇ
ਲਾਂਭ - ਲਾਂਭ ਨਾ ਜਾਈਂ...

ਖੁਸ਼ੀਆਂ ਦਾ ਸੰਦੇਸ਼ ਲੈ ਕੇ ਆਉਣ ਵਾਲੀਆਂ ਸਾਉਣ ਦੇ ਮਹੀਨੇ ਦੀਆਂ ਠੰਢੀਆਂ ਫੁਹਾਰਾਂ ਗਰਮੀ ਨਾਲ ਝੁਲਸੀਆਂ ਤੇ ਮੁਰਝਾਈਆਂ ਜ਼ਿੰਦਗੀਆਂ ਵਿੱਚ ਨਵੀਂ ਤਾਜ਼ਗੀ, ਨਵੀਂ ਰੂਹ, ਨਵੀਂ ਉਮੰਗ, ਨਵਾਂ ਉਤਸ਼ਾਹ ਆਦਿ ਪੈਦਾ ਕਰ ਦਿੰਦੀਆਂ ਹਨ। ਹਰ ਪ੍ਰਾਣੀ ਤੇ



ਜੀਵ ਜੰਤੂ ਸਾਉਣ ਦੀ ਰਿਮ-ਝਿਮ ਨੂੰ ਆਪਣੀ ਝੋਲੀ ਵਿੱਚ ਭਰ ਲੈਣ ਲਈ ਉਤਾਵਲਾ ਤੇ ਉਤਸੁਕ ਹੁੰਦਾ ਹੈ। ਇਹ ਮਹੀਨਾ ਇਕ ਤਰ੍ਹਾਂ ਨਾਲ ਤਿਉਹਾਰ ਬਣਕੇ ਬਹੁੜਦਾ ਹੈ।ਪਿੰਡ-ਪਿੰਡ ,ਸ਼ਹਿਰ-ਸ਼ਹਿਰ ਮੇਲੇ ਲੱਗਦੇ ਹਨ,ਤੀਆਂ ਲੱਗਦੀਆਂ ਹਨ। ਇਸ ਮਹੀਨੇ ਦੇ ਵਿਲੱਖਣ ਤੇ ਅਨੂਠੇ ਪ੍ਰਭਾਵ ਅਧੀਨ ਮਨ-ਤਰੰਗਾਂ ਚੰਚਲ ਹੋ ਉੱਠਦੀਆਂ ਹਨ ਤੇ ਵੰਨ ਸੁਵੰਨੇ ਪੰਜਾਬੀ ਲੋਕ ਗੀਤਾਂ ਦੀ ਛਹਿਬਰ ਲੱਗਣੀ ਸ਼ੁਰੂ ਹੋ ਜਾਂਦੀ ਹੈ :

ਮੇਰੇ ਭਿੱਜ ਗਏ ਵਰੀ ਦੇ ਲੀੜੇ
ਪੱਛੋਂ ਦੀਆਂ ਪੈਣ ਕਣੀਆਂ।

ਸਾਉਣ ਦੇ ਮਹੀਨੇ ਵਿੱਚ ਲੋਕਾਂ ਦੇ ਮਨਾਂ ਵਿੱਚ ਸੁੱਤੀਆਂ ਮਸਤੀਆਂ ਜਾਗ ਉੱਠਦੀਆਂ ਹਨ।ਭਰਪੂਰ ਮੀਂਹ ਵਰ੍ਹਾਉਂਦੇ ਮੇਘਲੇ ਧਰਤੀ ਦੇ ਸੀਨੇ 'ਤੇ ਹਰੇ ਭਰੇ ਘਾਹ ਦੀ ਚਾਦਰ ਵਿਛਾ ਦਿੰਦੇ ਹਨ। ਧਰਤੀ 'ਤੇ ਲੋਹੜੇ ਦਾ ਨਿਖਾਰ ਆ ਜਾਂਦਾ ਹੈ।ਸੁਗੰਧੀਆਂ ਲਿਪਟੀਆਂ ਹਵਾਵਾਂ ਵਾਤਾਵਰਨ ਨੂੰ ਮਹਿਕਾਉਂਦੀਆਂ ਹਨ।ਬਨਸਪਤੀ ਫਲਦੀ-ਫੁੱਲਦੀ ਹੈ ਤੇ ਮਹਿਕਾਂ ਵੰਡਣ ਲੱਗਦੀ ਹੈ। ਨਦੀਆਂ ਦੇ ਕੰਢਿਆਂ 'ਤੇ ਉੱਗੀ ਬਨਸਪਤੀ ਹਵਾਵਾਂ ਨਾਲ ਝੂਮਦੀ ਤੇ ਨੱਚਦੀ ਪ੍ਰਤੀਤ ਹੁੰਦੀ ਹੈ।ਬੱਦਲ ਗਰਜਦੇ ਹਨ,ਮੋਰ ਪੈਲਾਂ ਪਾਉਂਦੇ ਹਨ।ਪ੍ਰੇਮਿਕਾ ਆਪਣੇ ਪ੍ਰੇਮੀ ਨੂੰ ਮੁਖ਼ਾਤਿਬ ਹੁੰਦਿਆਂ ਕਹਿੰਦੀ ਹੈ:

ਗੱਜੇ ਬੱਦਲ ਚਮਕੇ ਬਿਜਲੀ,ਮੋਰਾਂ ਪੈਲਾਂ ਪਾਈਆਂ
ਹੀਰ ਨੇ ਰਾਂਝੇ ਨੂੰ ,ਦਿਲ ਦੀਆਂ ਖੋਲ੍ਹ ਸੁਣਾਈਆਂ ।

ਸਾਉਣ ਦੇ ਮਹੀਨੇ ਵਿੱਚ ਕੁੜੀਆਂ ਦੇ ਘੇਰਿਆਂ ਵਿੱਚ ਵਿਸ਼ੇਸ਼ ਕਿਸਮ ਦੀ ਖੁਸ਼ੀ ਅਭਿਆਸ ਕਰ ਰਹੀ ਹੁੰਦੀ ਹੈ।ਪਿੰਡ ਤੋਂ ਬਾਹਰ ਕਿਸੇ ਨਹਿਰ, ਛੱਪੜ, ਟੋਭੇ ਆਦਿ ਦੇ ਕੰਢੇ 'ਤੇ ਸੰਘਣੇ ਬਿਰਖਾਂ ਦੀ ਛਾਂ ਹੇਠ ਵੱਡੀ ਗਿਣਤੀ ਵਿੱਚ ਮੁਟਿਆਰਾਂ ਜੁੜਦੀਆਂ ਹਨ,ਨੱਚਦੀਆਂ ਹਨ,ਕਿੱਕਲੀ ਪਾਉਂਦੀਆਂ ਹਨ ਤੇ ਪੀਂਘਾਂ ਝੂਟਦੀਆਂ ਹਨ :

○ ਨੱਚ ਲਓ ਕੁੜੀਓ ਨੀ
ਸਾਉਣ ਨੇ ਕਦ-ਕਦ ਆਉਣਾ।
○ਆਓ ਨੀ ਕੁੜੀਓ ਹੱਸੀਏ ਖੇਡੀਏ
ਬਾਗੀਂ ਪੀਂਘਾਂ ਪਾਈਏ
ਵਿੱਚ ਗਿੱਧੇ ਦੇ ਪਾਈਏ ਬੋਲੀਆਂ
ਝਾਂਜਰ ਨੂੰ ਛਣਕਾਈਏ
ਸਾਉਣ ਮਹੀਨਾ ਕਦ ਕਦ ਆਉਣੈਂ
ਰੱਜ ਰੱਜ ਸ਼ਗਨ ਮਨਾਈਏ
ਨੀ ,ਨੱਚ ਲੈ ਮੋਰਨੀਏ
ਐਵੇਂ ਨਾ ਸ਼ਰਮਾਈਏ...
○ ਖੱਟਾ ਡੋਰੀਆ ਉਡ ਉਡ ਜਾਂਦਾ
ਜਦ ਮੈਂ ਪੀਂਘ ਚੜ੍ਹਾਵਾਂ
ਸਾਉਣ ਦਿਆ ਬੱਦਲਾ ਵੇ
ਤੇਰਾ ਜੱਸ ਗਿੱਧਿਆਂ ਵਿੱਚ ਗਾਵਾਂ...

ਸਾਉਣ ਦੇ ਮਹੀਨੇ ਵਿੱਚ ਮਨ ਦੀਆਂ ਖੁਸ਼ੀਆਂ ਅਤੇ ਦਿਲ ਪਰਚਾਵਿਆਂ ਦੀਆਂ ਪੀਂਘਾਂ ਅਸਮਾਨੀ ਛੂੰਹਦੀਆਂ ਹਨ।ਸਾਉਣ ਦੀ ਰੰਗਲੀ ਤੇ ਸੁਹਾਵਣੀ ਰੁੱਤ ਵਿੱਚ ਜੇ ਕਿਸੇ ਇਸਤਰੀ ਨੂੰ ਆਪਣੇ ਪ੍ਰੀਤਮ ਦੀ ਯਾਦ ਸਤਾਉਂਦੀ ਹੈ ਤਾਂ ਉਹ ਆਪਣੀ ਕਲਪਨਾ ਦੀ ਦੁਨੀਆ ਵਿੱਚ ਖੋਹੀ ਰਹਿੰਦੀ ਹੈ।ਪੀਂਘ ਝੂਟਦਿਆਂ ਵੀ ਉਸਦਾ ਮਨ ਹੋਰਥੇ ਉਡਾਰੀਆਂ ਮਾਰਦਾ ਰਹਿੰਦਾ ਹੈ।ਫਿਰ ਮਾਹੀ ਦੇ ਆਉਣ ਦਾ ਸੁਨੇਹਾ ਮਿਲਣ 'ਤੇ ਉਹ ਬਾਗੋ-ਬਾਗ ਹੋ ਜਾਂਦੀ ਹੈ :

ਪਹਿਨ ਪਚਰ ਕੇ ਚੜ੍ਹ ਗਈ ਪੀਂਘ 'ਤੇ
ਡਿੱਗ ਪਈ ਹੁਲਾਰਾ ਖਾ ਕੇ
ਪੈਣ ਫੁਹਾਰਾਂ ,ਚਮਕੇ ਬਿਜਲੀ
ਮੈਨੂੰ ਵੇਖ ਲੈ ਰਾਂਝਿਆ ਆ ਕੇ
ਬੱਦਲਾਂ ਨੂੰ ਵੇਖ ਰਹੀ
ਮੈਂ ਤੇਰਾ ਸੁਨੇਹਾ ਪਾ ਕੇ...

ਖੇਤਾਂ ਵਿੱਚ ਹਰੀਆਂ-ਭਰੀਆਂ ,ਲਹਿਰਾਉਂਦੀਆਂ ਫਸਲਾਂ ਵੇਖ ਕੇ ਕਿਸਾਨ ਖੁਸ਼ੀ ਵਿੱਚ ਫੁੱਲੇ ਨਹੀਂ ਸਮਾਉਂਦੇ।ਪਾਣੀ ਵਿੱਚ ਖੇਡਦੇ ,ਅਠਖੇਲੀਆਂ ਕਰਦੇ ,ਖੁਸ਼ੀਆਂ ਮਨਾਉਂਦੇ ਨੰਗ-ਧੜੰਗੇ ਬੱਚੇ ਉੱਛਲਦੇ ਕੁੱਦਦੇ ਹਨ,ਗਾਉਂਦੇ ਹਨ,ਖੁਸ਼ੀਆਂ ਮਾਣਦੇ ਹਨ:

ਕਾਲੀਆਂ ਇੱਟਾਂ ਕਾਲੇ ਰੋੜ,ਮੀਂਹ ਵਸਾ ਦੇ ਜ਼ੋਰੋ ਜ਼ੋਰ
ਰੱਬਾ - ਰੱਬਾ ਮੀਂਹ ਵਸਾ ,ਸਾਡੀ ਕੋਠੀ ਦਾਣੇ ਪਾ ।

ਸਾਰੀਆਂ ਰੁੱਤਾਂ ਦਾ ਸਿਰਤਾਜ, ਸਭ ਦੇ ਕਲੇਜੇ ਠੰਢ ਪਾਉਣ ਵਾਲਾ ਸਾਉਣ ਦਾ ਮਹੀਨਾ ਸਵਾਦਲੇ,ਵੰਨ ਸੁਵੰਨੇ ਪਕਵਾਨ ਬਣਾਉਣ ਲਈ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ।ਮਾਲ੍ਹ ਪੂੜੇ, ਖੀਰਾਂ , ਪਕੌੜੇ,ਹਲਵੇ ਅਤੇ ਹੋਰ ਭਾਂਤ ਸੁਭਾਂਤੇ ਪਕਵਾਨ ਲੋਕਾਂ ਦੀਆਂ ਖੁਸ਼ੀਆਂ ਤੇ ਚਾਵਾਂ ਵਿੱਚ ਵਾਧਾ ਕਰਦੇ ਹਨ। ਇਸ ਮਹੀਨੇ ਦੇ ਰੰਗ ਹੀ ਨਿਰਾਲੇ ਹਨ।

ਆਲਮੀ ਤਪਸ਼ ਨੇ ,ਧਰਤੀ ਦੇ ਵਧਦੇ ਤਾਪਮਾਨ ਨੇ ,ਰੁੱਖਾਂ ਦੀ ਬੇਤਹਾਸ਼ਾ ਤੇ ਬੇਰਹਿਮੀ ਨਾਲ ਕੀਤੀ ਜਾਂਦੀ ਕਟਾਈ ਨੇ ਮੌਸਮਾਂ ਤੇ ਰੁੱਤਾਂ ਦੇ ਮਿਜਾਜ਼ ਹੀ ਬਦਲ ਦਿੱਤੇ ਹਨ।ਹੁਣ ਕਈ ਵਾਰ ਜੂਨ ਮਹੀਨੇ ਵਿੱਚ ਹੀ ਭਰਪੂਰ ਮੀਂਹ ਪੈ ਜਾਂਦੇ ਹਨ।ਸਾਉਣ ਮਹੀਨਾ ਸੁੱਕਾ ਲੰਘ ਜਾਂਦਾ ਹੈ। ਕਈ ਵਾਰ ਸਤੰਬਰ ਦੇ ਮਹੀਨੇ ਵਿੱਚ ਪੈਣ ਵਾਲੇ ਮੀਂਹ ਕਾਰਨ ਹੜ੍ਹਾਂ ਵਾਲੀ ਸਥਿਤੀ ਬਣ ਜਾਂਦੀ ਹੈ। ਸਾਉਣ ਮਹੀਨੇ ਵਿੱਚ ਕਈ ਵਾਰ ਪਿਆਸੀ ਧਰਤੀ ਮੀਂਹ ਲਈ ਤਰਸਦੀ ਰਹਿ ਜਾਂਦੀ ਹੈ।ਕੱਚਿਆਂ ਕੋਠਿਆਂ ਵਿੱਚ ਰਹਿਣ ਵਾਲਿਆਂ ਵਾਸਤੇ ਕਈ ਵਾਰ ਸਾਉਣ ਦਾ ਮਹੀਨਾ ਮੁਸੀਬਤ ਬਣ ਕੇ ਆਉਂਦਾ ਹੈ।ਕਈ ਥਾਈਂ ਆ ਜਾਣ ਵਾਲੇ ਹੜ੍ਹ ਇਸ ਮਹੀਨੇ ਦਾ ਮਜ਼ਾ ਕਿਰਕਿਰਾ ਕਰ ਦਿੰਦੇ ਹਨ।ਫਿਰ ਵੀ ਸਾਉਣ ਮਹੀਨੇ ਦੇ ਆਉਣ ਦੀ ਉਡੀਕ ਬਣੀ ਰਹਿੰਦੀ ਹੈ।ਸਾਧਾਰਨ ਵਿਅਕਤੀ, ਵਿਆਹੀਆਂ-ਅਣਵਿਆਹੀਆਂ ਸਖੀਆਂ-ਸਹੇਲੀਆਂ, ਕਿਸਾਨ, ਬਨਸਪਤੀ, ਪਸ਼ੂ-ਪੰਛੀ ਆਦਿ ਵੀ ਮੀਂਹ ਪੈਣ ਵਾਲੇ ਇਸ ਸਮੇਂ (ਮਹੀਨੇ) ਦੀ ਬੜੀ ਬੇਸਬਰੀ ਤੇ ਉਤਸੁਕਤਾ ਨਾਲ ਉਡੀਕ ਕਰ ਰਹੇ ਹੁੰਦੇ ਹਨ।ਮੌਸਮ ਦੀਆਂ ਹਾਲਤਾਂ ਬਦਲ ਜਾਣ ਦੇ ਬਾਵਜੂਦ ਵੀ ਸਾਉਣ ਦੇ ਮਹੀਨੇ ਦਾ ਮਹੱਤਵ ਕਿਸੇ ਨਾ ਕਿਸੇ ਰੂਪ ਵਿੱਚ ਬਣਿਆ ਚਲਿਆ ਆ ਰਿਹਾ ਹੈ। ਸ਼ਾਲਾ ! ਰੁੱਤਾਂ, ਮੌਸਮਾਂ, ਸਾਲਾਂ, ਮਹੀਨਿਆਂ ਦੇ ਰੰਗ ਬਦਲਦੇ ਰਹਿਣ, ਮਨੁੱਖ ਉਨ੍ਹਾਂ ਨੂੰ ਮਾਣਦਾ ਰਹੇ ਤੇ ਜ਼ਿੰਦਗੀ ਦਾ ਸਫ਼ਰ ਜਾਰੀ ਰਹੇ !



**ਡਾ. ਪ੍ਰਿਤਪਾਲ ਸਿੰਘ ਮਹਿਰੋਕ**
ਮੋਬਾਈਲ : 98885-10185
185 - ਵਸੰਤ ਵਿਹਾਰ ,
ਡੀ.ਸੀ. ਰੈਜ਼ੀਡੈਂਸ ਰੋਡ,
ਹੁਸ਼ਿਆਰਪੁਰ - 146 001.
ਮੋਬ. 98885 - 10185.

# ਅੰਬੇਡਕਰ ਭਵਨ 'ਚ ਸ਼ਰਧਾ ਪੂਰਵਕ ਮਨਾਇਆ ਐੱਲ. ਆਰ, ਬਾਲੀ ਦਾ 95ਵਾਂ ਜਨਮਦਿਨ

## ਡਾ. ਅੰਬੇਡਕਰ ਦੀ ਆਵਾਜ਼ ਨੂੰ ਲੋਕ ਲਹਿਰ ਬਣਾਉਣ 'ਚ ਬਾਲੀ ਦਾ ਅਹਿਮ ਯੋਗਦਾਨ – ਡਾ. ਕੌਲ


Dr G C Kaul


Sohan Lal


H JaSSal


J Wariana


Dr. Rahul Balley Spaking


Subhah MuSafir


Honoring Sunny Saleem


Sandhu Speaking


Audience


Standing


song releasing

**ਜਲੰਧਰ (ਸਮਾਜ ਵੀਕਲੀ)** : ਪ੍ਰਸਿੱਧ ਅੰਬੇਡਕਰੀ ਲਾਹੌਰੀ ਰਾਮ ਬਾਲੀ ਦਾ 95ਵਾਂ ਜਨਮਦਿਨ ਅੰਬੇਡਕਰ ਭਵਨ ਦੇ ਰਮਾਬਾਈ ਅੰਬੇਡਕਰ ਯਾਦਗਾਰ ਹਾਲ 'ਚ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ । ਲਾਹੌਰੀ ਰਾਮ ਬਾਲੀ, ਸੰਪਾਦਕ ਭੀਮ ਪਤ੍ਰਿਕਾ ਅਤੇ ਸੰਸਥਾਪਕ ਅੰਬੇਡਕਰ ਭਵਨ ਟਰਸਟ, ਜਲੰਧਰ ਦੇ ਸੰਘਰਸ਼ਾਂ ਦੀ ਗੱਲ ਕਰਦਿਆਂ ਅੰਬੇਡਕਰ ਭਵਨ ਟਰਸਟ ਦੇ ਚੇਅਰਮੈਨ ਸੋਹਨ ਲਾਲ ਰਿ. ਡੀਪੀਆਈ (ਕਾਲਜਾਂ) ਨੇ ਕਿਹਾ ਕਿ ਸਮਾਜ ਨੂੰ ਬਾਲੀ ਜੀ ਵੱਲੋਂ ਦਿੱਤੇ ਅੰਬੇਡਕਰੀ ਸਾਹਿਤ ਨੂੰ ਪੜ੍ਹਨ ਦੀ ਜਰੂਰਤ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ ਬਾਬਾ ਸਾਹਿਬ ਦੇ ਮਿਸ਼ਨ ਬਾਰੇ ਜਾਣਕਾਰੀ ਹਾਸਲ ਕਰ ਸਕਣ। ਉਨ੍ਹਾਂ ਤੋਂ ਬਾਅਦ ਉੱਘੇ ਅੰਬੇਡਕਰੀ ਡਾ. ਜੀ. ਸੀ. ਕੌਲ ਨੇ ਬਾਲੀ ਸਾਹਿਬ ਨਾਲ ਰਲ ਕੇ ਕੀਤੇ ਸੰਘਰਸ਼ਾਂ ਦੀ ਗੱਲ ਕੀਤੀ ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਜੀ ਦੀ ਆਵਾਜ਼ ਨੂੰ ਲੋਕ ਲਹਿਰ ਬਣਾਉਣ ਚ ਲਾਹੌਰੀ ਰਾਮ ਬਾਲੀ ਦਾ ਅਹਿਮ ਯੋਗਦਾਨ ਰਿਹਾ। ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਕਿਹਾ ਕਿ ਬਾਲੀ ਸਾਹਿਬ ਅਕਸਰ ਕਿਹਾ ਕਰਦੇ ਸਨ ਕਿ ਅੰਬੇਡਕਰ ਮਿਸ਼ਨ ਦਾ ਰਾਹ ਤਿਆਗ ਮੰਗਦਾ ਹੈ, ਜੋ ਵਿਅਕਤੀ ਤਿਆਗ ਦੀ ਭਾਵਨਾ ਨਹੀਂ ਰੱਖਦਾ, ਉਹ ਹੋਰ ਕੁਝ ਵੀ ਹੋ ਸਕਦਾ ਹੈ ਪਰ ਅੰਬੇਡਕਰੀ ਨਹੀਂ। ਡਾ. ਅਜੀਤ ਸਿੰਘ ਚਾਹਲ ਕੁਰੂਕਸ਼ੇਤਰ ਯੂਨੀਵਰਸਿਟੀ ਹਰਿਆਣਾ ਨੇ ਕਿਹਾ ਕਿ ਐਲ.ਆਰ. ਬਾਲੀ ਸਾਹਿਬ ਨੇ ਸਮਤਾ ਸੈਨਿਕ ਦਲ ਨੂੰ ਪੁਨਰ ਸੁਰਜੀਤ ਕਰਕੇ ਬਹੁਤ ਵੱਡਾ ਮਾਅਰਕਾ ਮਾਰਿਆ । ਸਾਬਕਾ ਰਾਜਦੂਤ ਰਮੇਸ਼ ਚੰਦਰ ਨੇ ਬਾਲੀ ਸਾਹਿਬ ਦੇ ਜਨਮਦਿਨ ਤੇ ਵਧਾਈ ਦਿੱਤੀ ਅਤੇ ਕਿਹਾ ਕਿ ਬਾਲੀ ਸਾਹਿਬ ਨੇ ਬਾਬਾ ਸਾਹਿਬ ਅੰਬੇਡਕਰ ਦੇ ਮਿਸ਼ਨ ਅਤੇ ਵਿਚਾਰ ਪ੍ਰਤੀ ਆਪਣੇ ਪੂਰੇ ਕੰਮ ਅਤੇ ਸਮਰਪਣ ਦੁਆਰਾ ਸਮਾਜ ਅਤੇ ਵੱਡੇ ਪੱਧਰ 'ਤੇ ਆਪਣਾ ਬਣਦਾ ਰੁਤਬਾ ਅਤੇ ਸਤਿਕਾਰ ਪ੍ਰਾਪਤ ਕੀਤਾ, ਇੱਕ ਬੁੱਧੀਜੀਵੀ, ਚਿੰਤਕ, ਸੰਪਾਦਕ, ਲੇਖਕ ਅਤੇ ਬੁਲਾਰੇ ਅਤੇ ਸਿਆਸਤਦਾਨ ਵਜੋਂ ਵੀ। ਬਾਲੀ ਸਾਹਿਬ ਅੰਬੇਡਕਰ ਭਵਨ ਦੇ ਸੰਸਥਾਪਕਾਂ ਵਿੱਚੋਂ ਇੱਕ ਸਨ, ਜੋ ਕਿ ਇਸ ਖੇਤਰ ਵਿੱਚ ਦਲਿਤ ਜਾਗਰਣ ਦਾ ਇੱਕ ਕੇਂਦਰ ਹੈ। ਬਾਲੀ ਸਾਹਿਬ ਦੇ ਜਨਮਦਿਨ ਤੇ ਵਧਾਈ ਦਿੰਦਿਆਂ ਪ੍ਰੋਫੈਸਰ ਬਲਬੀਰ, ਪਰਮਜੀਤ ਸਿੰਘ ਪ੍ਰਧਾਨ ਤਰਕਸ਼ੀਲ ਸੁਸਾਇਟੀ ਪੰਜਾਬ, ਹਰਮੇਸ਼ ਜਸਲ, ਸੂਰਜ ਵਿਰਦੀ, ਸੰਨੀ ਥਾਪਰ, ਰਾਮਨਾਥ ਸੁੰਡਾ, ਸੁਭਾਸ਼ ਮੁਸਾਫ਼ਿਰ, ਸੂਰਜ ਵਿਰਦੀ ਅਤੇ ਜਸਵਿੰਦਰ ਵਰਿਆਣਾ ਨੇ ਵੀ ਬਾਲੀ ਸਾਹਿਬ ਦੇ ਜੀਵਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਸਮਾਗਮ ਦੇ ਅੰਤ ਵਿੱਚ ਗਾਇਕ ਸੰਨੀ ਸਲੀਮ ਵੱਲੋਂ ਗਾਇਆ ਬਾਲੀ ਸਾਹਿਬ ਤੇ ਬਹੁਤ ਹੀ ਸ਼ਾਨਦਾਰ ਗੀਤ 'ਕੌਮੀ ਯੋਧਾ', ਜੋ ਚਰਨ ਦਾਸ ਸੰਧੂ ਦਾ ਲਿਖਿਆ ਹੈ, ਨੂੰ ਰਿਲੀਜ ਕੀਤਾ ਗਿਆ। ਇਸ ਉਪਰੰਤ ਬਾਲੀ ਪਰਿਵਾਰ ਵੱਲੋਂ ਸੰਨੀ ਸਲੀਮ ਨੂੰ ਸਨਮਾਨਿਤ ਕੀਤਾ ਗਿਆ। ਬਾਲੀ ਸਾਹਿਬ ਦੇ ਵੱਡੇ ਬੇਟੇ ਡਾ. ਰਾਹੁਲ ਕੁਮਾਰ ਬਾਲੀ ਨੇ ਸਭ ਦਾ ਧੰਨਵਾਦ ਕੀਤਾ ਅਤੇ ਸਟੇਜ ਸੰਚਾਲਨ ਦੀ ਭੂਮਿਕਾ ਬਲਦੇਵ ਰਾਜ ਭਾਰਦਵਾਜ ਨੇ ਬਾਖ਼ੂਬੀ ਨਿਭਾਈ । ਸਮਾਗਮ ਵਿੱਚ ਡਾ. ਚਰਨਜੀਤ ਸਿੰਘ, ਮਨਵਿੰਦਰ ਨਾਗਰ, ਪ੍ਰੋਫੈਸਰ ਅਰਿੰਦਰ ਸਿੰਘ, ਐਡਵੋਕੇਟ ਹਰਭਜਨ ਸਾਪਲਾ, ਮਲਕੀਤ ਸਿੰਘ, ਜੀਤ ਸਿੰਘ, ਚਰਨਜੀਤ ਸਿੰਘ, ਸੋਨੀਆ ਭਾਰਦਵਾਜ, ਹਰਦਿਆਲ ਬੰਗੜ, ਡੀ.ਪੀ. ਭਗਤ, ਕਮਲਸ਼ੀਲ ਬਾਲੀ ,ਰਾਮ ਸਰੂਪ ਬਾਲੀ, ਨਸੀਬ ਚੰਦ ਬੱਬੀ, ਜਰਨੈਲ ਸਿੰਘ ਸਾਬਕਾ ਡੀਈਓ, ਚਮਨ ਦਾਸ ਸਾਂਪਲਾ, ਗੌਤਮ ਬੋਧ, ਤਿਲਕ ਰਾਜ, ਪਰਮਿੰਦਰ ਸਿੰਘ ਖੁੱਤਣ, ਜੇ. ਕੇ. ਬਾਲੀ, ਜੋਤੀ ਪ੍ਰਕਾਸ਼, ਨਿਰਮਲ ਬਿੰਜੀ, ਤੀਰਥ ਭਾਰਦਵਾਜ, ਪ੍ਰਿਯੰਕਾ ਡੋਗਰਾ, ਉਮੰਗ ਭਾਰਦਵਾਜ, ਮੀਨੂੰ ਧੀਰ, ਗੁਰਮੀਤ ਕੌਰ ਅਤੇ ਸੁਰਿੰਦਰ ਕੌਰ ਸਮੇਤ ਬਹੁਤ ਸਾਰੇ ਸਾਥੀ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਰਾਹੀਂ ਦਿੱਤੀ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.), ਜਲੰਧਰ**

# LOTTERY VISA

## GOLDEN OPPORTUNITY FOR OUR YOUTH'



### 'Let's Not Miss This Golden Opportunity for Our Youth'

**Sital Singh Gill**
**Founder & Immigration Lawyer – Gill Immigration Law Consultants Ltd**
**General Secretary – Indian Workers Association** (G.B)

This is not just a visa – it is a life-changing opportunity for our educated you th (aged 18 to 30) to live work, and grow professionally in the United Kingdom for up to two years it is designed for those who held a degree and support themselves financially.

Our mission at the **Indian Workers Professionals Scheme?** has always been to fight for fair access dignity, and opportunity for the Indian diaspora in Britain. Today, that includes ensuring our young people do not miss out on this incredible chance due to lack of awareness or **misinformation**

### What is the UK-India Young Professionals Scheme?

A UK government visa scheme that allows indian citizens aged 18 to 30 to live. work, and study in he UK for up to two years

### Eiigibiiity Requirements

- Indian citizenship
- Age: 18 to 30 degree or higher
- At (east £2,530 lapprox. ₹275 lakh) in savings

### How to Enter the Ballot

**Visit:** https://www.gov.uk

**Provide:**

- Full Name
- Date of Birth
- Passport details (including scan or photo)
- Email

**Enter the Ballot for FREE**

**Need Help?**
E: gill8@hotmail.co.uk
T: 07779 664 845

# IMMIGRATION ADVICE
## EVERY WEDNESDAY IN LEICESTER

Are you or your family facing problems with a UK immigration matter?

Has your application been refused, or are you worried about how to apply properly or lodge an appeal against the Home Office decision?

I, **Sital Singh Gill,** Founder & Immigration Lawyer at Gill Immigration Law Consultants, will be holding an Immigration Advice Surgery every week:

Surgery Every Wednesday, 6:30 PM Onward at
Guru Tegh Bahadur Gurdwara
East Park Road, Leicester

**Get free, confidential advice on:**

- Visitor visa refusals
- Reapplications
- Family visas
- British citizenship
- Spouse or student visas
- Any other UK immigration matter

**Contact: 0777 966 4845**
**Email: gill8@hotmail.co.uk**

Gill Immigration Law Consultants – Trusted Guidance for Our Community

Namo Buddhaye



DHAMMA WAVES

Jai Bheem



Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com

Follow Us : www.Dhammawaves.com YouTube Dhammawaves
E-mail : dhammawaves.info@gmail.com







Venerable Bhikkhuni Sumana

## Dhamma Desna By : Bhikkhuni Sumana

## Topic : Raising children with Buddhist values

बौद्ध मूल्यों के साथ बच्चों का पालन-पोषण

ਬੋਧੀ ਕਦਰਾਂ-ਕੀਮਤਾਂ ਨਾਲ ਬੱਚਿਆਂ ਦੀ ਪਰਵਰਿਸ਼

Topic: The Role of Moral Education in Creating a Better Future for Our Society

"हमारे समाज के बेहतर भविष्य के निर्माण में नैतिक शिक्षा की भूमिका"



Sunday
July.27th,25
at 8 Pm
Indian Time

Live on Facebook

Guest Speaker : Principal Chanchal Boudh
Bodhisatva Ambedkar Public Senior Secondary School Phoolpur Dhanal Jalandhar (Punjab)

# ਗੁਰਬਾਣੀ ਅਤੇ ਵਾਤਾਵਰਨ



ਅਜੋਕੀ ਦੁਨੀਆਂ ਵਿਗਿਆਨ ਅਤੇ ਤਕਨੀਕ ਦਾ ਦਮ ਭਰਦੀ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਦੀਆਂ ਪੌੜੀਆਂ ਚੜ੍ਹ ਰਹੀ ਹੈ। ਦੁਨੀਆਂ ਦੀ ਬੇਲਗਾਮ ਤਰੱਕੀ ਦੀ ਚਾਲ ਨੇ ਬੁੱਧੀਜੀਵੀ ਵਰਗ ਨੂੰ ਚਿੰਤਨ ਵਿੱਚ ਪਾਇਆ ਹੈ। ਦੁਨੀਆਂ ਵਿੱਚ ਹਰ ਘੜੀ ਹਰ ਪਲ ਕੁਝ ਨਾ ਕੁਝ ਨਵਾਂ ਖੋਜਿਆ ਜਾਂ ਸਿਰਜਿਆ ਜਾ ਰਿਹਾ ਹੈ ਪਰੰਤੂ ਇਸ ਦੇ ਨਾਲ ਨਾਲ ਸਮਾਜ ਦੇ ਗਿਆਨਵਾਨ ਤਬਕੇ ਨੂੰ ਪਲੀਤ ਹੁੰਦੇ ਵਾਤਾਵਰਨ ਦੀ ਚਿੰਤਾ ਅੰਦਰੋਂ ਅੰਦਰੀ ਘੁਣ ਵਾਂਗੂੰ ਖਾ ਰਹੀ ਹੈ। ਦੁਨੀਆ ਦੇ ਲੋਕਾਂ ਨੂੰ ਵਾਤਾਵਰਨ ਪ੍ਰਤੀ ਸੁਹਿਰਦ ਕਰਨ ਲਈ ਕੁਝ ਖਾਸ ਦਿਨ ਮਨਾਉਣ ਦੀ ਕਵਾਇਦ ਪਿਛਲੇ ਕਾਫੀ ਲੰਮੇ ਸਮੇਂ ਤੋਂ ਚੱਲ ਰਹੀ ਹੈ। ਇਹਨਾਂ ਖਾਸ ਦਿਨਾਂ ਨੂੰ ਮਨਾਉਣ ਦਾ ਮੁੱਖ ਮੰਤਵ ਦੁਨੀਆਂ ਨੂੰ ਵਾਤਾਵਰਨ ਪ੍ਰਤੀ ਸੁਚੇਤ ਕਰਨਾ ਹੈ। ਤਰੱਕੀ ਅਤੇ ਉਨਤੀ ਦੇ ਪੈਂਡੇ ਨੂੰ ਤੈਅ ਕਰਨ ਵਿੱਚ ਦੁਨੀਆ ਪ੍ਰਦੂਸ਼ਣ ਦਾ ਸ਼ਿਕਾਰ ਹੋ ਗਈ ਹੈ ਜਿਸ ਵਿੱਚ ਜਲ ਪ੍ਰਦੂਸ਼ਣ ,ਪਾਣੀ ਪ੍ਰਦੂਸ਼ਣ , ਆਵਾਜ਼ ਦਾ ਪ੍ਰਦੂਸ਼ਣ ਅਤੇ ਧਰਤੀ ਪ੍ਰਦੂਸ਼ਣ ਆਦਿ ਮੁੱਖ ਰੂਪ ਵਿੱਚ ਸ਼ਾਮਿਲ ਹਨ। ਜਿਸ ਕਾਰਜ ਨੂੰ ਮਨੁੱਖੀ ਚੇਤਨਾ ਨੇ ਅੱਜ ਸਵੀਕਾਰਿਆ ਹੈ ਉਸੇ ਹੀ ਕਾਰਜ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਦੀਆਂ ਪਹਿਲਾਂ ਆਪਣੀ ਪਵਿੱਤਰ ਬਾਣੀ ਸ੍ਰੀ ਜਪੁਜੀ ਸਾਹਿਬ ਵਿੱਚ ਖਾਸ ਤਰਜ਼ੀਹ ਦਿੱਤੀ ਹੈ।

ਸ੍ਰੀ ਜਪੁ ਜੀ ਸਾਹਿਬ ਦੀ ਬਾਣੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਮੁਖਾਰ ਬਿੰਦ ਤੋਂ ਉਚਾਰਿਤ ਹੈ ਅਤੇ ਇਹ ਪਾਵਨ ਬਾਣੀ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਵਿੱਚ ਦਰਜ ਹੈ।

ਸ੍ਰੀ ਜਪੁ ਜੀ ਸਾਹਿਬ ਜੀ ਦੇ ਦੋ ਸਲੋਕ ਹਨ ।

ਪਹਿਲਾ ਸਲੋਕ

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਅੰਗ 1

ਇਹ ਉਪਕਰਣ ਸਲੋਕ ਹੈ ਜਿਸ ਨੂੰ ਪਹਿਲਾ ਸਲੋਕ ਕਹਿੰਦੇ ਹਨ।

ਦੂਜਾ ਸਲੋਕ

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਅੰਗ 8

ਜੋ ਆਖ਼ਰੀ ਸਲੋਕ ਹੈ ਜਿਸਨੂੰ ਉਪਸੰਘਾਰ ਸਲੋਕ ਕਹਿੰਦੇ ਹਨ।

ਸਲੋਕੁ ॥

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਉਪਰੋਕਤ ਸ਼ਬਦਾਂ ਰਾਹੀਂ ਗੁਰੂ ਨਾਨਕ ਦੇਵ ਜੀ ਮਨੁੱਖੀ ਚੇਤਨਾਂ ਨੂੰ ਝੰਝੋੜਦੇ ਹੋਏ ਪਾਣੀ ਨੂੰ ਪਿਤਾ ,ਧਰਤੀ ਨੂੰ ਮਾਤਾ ਅਤੇ ਹਵਾ ਨੂੰ ਗੁਰੂ ਦਾ ਦਰਜਾ ਦਿੰਦੇ ਸਮੁੱਚੀ ਲੋਕਾਈ ਨੂੰ ਵਾਤਾਵਰਨ ਪ੍ਰਤੀ ਸੁਹਿਰਦਤਾ ਦੀ ਸੇਧ ਦਿੱਤੀ ਹੈ ਹੈ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਆਸਾ ਦੀ ਵਾਰ ਵਿੱਚ ਪਾਣੀ ਦੀ ਮਹਤੱਤਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ:-

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥

ਉਪਰੋਕਤ ਸ਼ਬਦ ਵਿੱਚ ਗੁਰੂ ਨਾਨਕ ਦੇਵ ਜੀ ਨੇ ਮਨੁੱਖਾਂ ਨੂੰ ਪਾਣੀ ਦੀ ਮਹੱਤਤਾ ਬਾਰੇ ਬਹੁਤ ਡੂੰਘਾ ਸਮਝਾਇਆ ਹੈ।

ਅੱਜ ਦੁਨੀਆਂ ਭਰ ਦੇ ਵਿੱਦਿਅਕ ਮਾਹਰ ਅਤੇ ਸਿੱਖਿਆ ਸ਼ਾਸਤਰੀ ਕਹਿੰਦੇ ਹਨ ਕਿ ਪਾਣੀ ਕੁਦਰਤ ਦਾ ਅਨਮੋਲ ਦਾਤ ਹੈ ਤੇ ਧਰਤੀ ਉੱਤੇ ਸਮੁੱਚੇ ਜੀਵਨ ਦਾ ਮੂਲ ਅਧਾਰ ਪਾਣੀ ਹੀ ਹੈ। ਪਾਣੀ ਇਸ ਕਾਇਨਾਤ ਦੀ ਜੀਵਨ ਰੇਖਾ ਹੈ। ਪਾਣੀ ਤੋਂ ਬਿਨਾਂ ਧਰਤੀ ’ਤੇ ਜੀਵਨ ਅਸੰਭਵ ਹੈ। ਮਨੁੱਖੀ ਸਰੀਰ ਦਾ ਦੋ ਤਿਹਾਈ ਹਿੱਸਾ ਪਾਣੀ ਹੈ ਸਰੀਰ ਦੇ ਅੱਸੀ ਫੀਸਦੀ ਭਾਗ ਵਿੱਚ ਪਾਣੀ ਹੈ। ਉਪਰੋਕਤ ਤੋਂ ਇਹ ਸਿੱਧ ਹੁੰਦਾ ਹੈ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਚ ਕਿੰਨੀ ਦੂਰ ਅੰਦੇਸ਼ੀ ਸੀ ਜੋ ਉਹਨਾਂ ਨੇ ਸਦੀਆਂ ਪਹਿਲਾਂ ਮਨੁੱਖਾਂ ਨੂੰ ਵਾਤਾਵਰਨ ਦੀ ਸਾਂਭ ਸੰਭਾਲ ਲਈ ਤਾਕੀਦ ਕੀਤਾ ਸੀ।

ਇਸ ਧਰਤੀ ਉੱਤੇ ਜੀਵਾਂ ਨੂੰ ਹਵਾ ਦੀ ਲੋੜ ਹੈ ਅਤੇ ਪਾਵਨ ਗੁਰਬਾਣੀ ਅਨੁਸਾਰ ਹਵਾ ਨੂੰ ਬਹੁਤ ਪਵਿੱਤਰ ਦਰਜਾ ਦਿੱਤਾ ਗਿਆ ਹੈ ਅਤੇ “ਪਵਣ ਗੁਰੂ” ਅਤੇ “ ਗੁਰਮੁਖਿ“ ਵਰਗੇ ਉਤਮ ਸ਼ਬਦਾਂ ਨਾਲ ਸੰਬੋਧਿਤ ਕੀਤਾ ਗਿਆ ਹੈ:

ਗੁਰਮੁਖਿ ਧਰਤੀ ਗੁਰਮੁਖਿ ਪਾਣੀ॥

ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ॥ ਮਾਝ ਮਹਲਾ ੩ ਅੰਗ 117

ਸੰਸਾਰਿਕ ਗਿਆਨ ਅਨੁਸਾਰ ਜੀਵਨ ਦੀ ਰੇਖਾ ਹਵਾ ਰਾਹੀਂ ਹੀ ਚੱਲਦੀ ਹੈ ਅਤੇ ਇਹ ਵਿਗਿਆਨਿਕ ਤੌਰ ਦੇ ਉੱਤੇ ਸਿੱਧ ਕੀਤਾ ਗਿਆ ਹੈ ਕਿ ਸਾਫ ਹਵਾ ਫੇਫੜਿਆਂ ਵਿੱਚ ਜਾਂਦੀ ਤੇ ਗੰਦੀ ਹਵਾ ਬਾਹਰ ਨਿਕਲਦੀ ਹੈ।ਇਸੇ ਸਾਹ ਪ੍ਰਕਿਰਿਆ ਰਾਹੀਂ ਜੀਵਾਂ ਵਿੱਚ ਆਕਸੀਜ਼ਨ ਰੂਪੀ ਗੈਸ ਅੰਦਰ ਜਾਂਦੀ ਹੈ ਅਤੇ ਕਾਰਬਨ ਡਾਈਆਕਸਾਈਡ ਰੂਪੀ ਗੈਸ ਬਾਹਰ ਆਉਂਦੀ ਹੈ। ਉਸ ਕਾਦਰ ਦੀ ਅਜ਼ਬ ਕੁਦਰਤ ਵਿੱਚ ਬਨਸਪਤੀ ਰੂਪੀ ਰੁੱਖ ਅਤੇ ਪੌਦੇ ਦਿਨ ਵੇਲੇ ਆਕਸੀਜ਼ਨ ਪੈਦਾ ਕਰਦੇ ਹਨ ਅਤੇ ਕਾਰਬਨ ਡਾਈਆਕਸਾਈਡ ਧਰਤੀ ਦੇ ਵਾਤਾਵਰਨ ਵਿੱਚੋਂ ਸੋਖਦੇ ਹਨ। ਬਨਸਪਤੀ ਦੀ ਇਹ ਕਿਰਿਆ ਕਰਕੇ ਹੀ ਕਰਕੇ ਧਰਤੀ ਦੇ ਸਮੁੱਚੇ ਜੀਵਾਂ ਦੇ ਸਾਹ ਚਲਦੇ ਹਨ ਅਤੇ ਜਿਸ ਨਾਲ ਜੀਵਨ ਚਲਦਾ ਹੈ। ਗੁਰਬਾਣੀ ਮਨੁੱਖਾਂ ਨੂੰ ਸਪਸ਼ਟ ਸੇਧ ਦੇ ਰਹੀ ਹੈ ਕਿ ਧਰਤੀ ਬਚਾਉਣ ਲਈ ਸਿਆਣੇ ਖੋਜਕਾਰਾਂ, ਵਾਤਾਵਰਣ ਮਾਹਰਾਂ ਨਾਲ ਮਿਲ ਕੇ ਬੈਠੋ, ਵਿਚਾਰਾਂ ਕਰੋ ਅਤੇ ਪ੍ਰਦੂਸ਼ਨ ਖਤਮ ਕਰਨ ਲਈ ਠੋਸ ਕਦਮ ਚੁੱਕੋ। ਉਸ ਪਵਿੱਤਰ ਕੁਦਰਤ ਦੀ ਸਾਂਭ ਸੰਭਾਲ ਕਰਕੇ ਹੀ ਧਰਤੀ ਦੇ ਜੀਵ ਆਪਣਾ ਅਤੇ ਸਮੁੱਚੇ ਜੀਵਾਂ ਦਾ ਜੀਵਨ ਸੰਵਾਰ ਸਕਦੇ ਹਨ।

ਸਮੁੱਚੀ ਮਨੁੱਖਤਾ ਨੂੰ ਵਾਤਾਵਰਨ ਦੀ ਸਾਫ ਸਫ਼ਾਈ ਪ੍ਰਤੀ ਸੁਚੇਤ ਕਰਦੇ ਹੋਏ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਫਰਮਾਉਂਦੇ ਹਨ

ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ॥ ਪੰਨਾ ੭੨੩

‘ਹਵਾ, ਜਲ, ਧਰਤੀ ਤੇ ਅਕਾਸ਼ ਉਸ ਪਰਮ ਪਿਤਾ ਅਕਾਲ ਪੁਰਖ ਦਾ ਘਰ ਰੂਪੀ ਪਵਿੱਤਰ ਮੰਦਰ ਹੈ ਜਿਸ ਵਿੱਚ ਸਰਬ ਸ਼ਕਤੀਮਾਨ ਅਕਾਲ ਪੁਰਖ ਵਾਸ ਕਰਦੇ ਹਨੱ।ਗੁਰੂ ਸਾਹਿਬ ਉਪਰੋਕਤ ਸ਼ਬਦਾਂ ਰਾਹੀਂ ਸਮੁੱਚੀ ਲੁਕਾਈ ਨੂੰ ਵਾਤਾਵਰਨ ਦੂਸ਼ਿਤ ਕਰਨ ਤੋਂ ਗੁਰੇਜ਼ ਕਰਨ ਲਈ ਸੇਧ ਪ੍ਰਦਾਨ ਕਰਦੇ ਹਨ।

ਪਵਿੱਤਰ ਗੁਰਬਾਣੀ ਮਨੁੱਖਾਂ ਨੂੰ ਸਿਖਾਉਂਦੀ ਹੈ ਕਿ ਮਨੁੱਖ ਕੁਦਰਤ ਤੋਂ ਬਹੁਤ ਕੁਝ ਸਿੱਖ ਸਕਦਾ ਹੈ। ਉਸ ਕਾਦਰ ਦੀ ਕੁਦਰਤ ਸਮੁੱਚੇ ਜੀਵਾਂ ਨੂੰ ਤਿਆਗ, ਕੁਰਬਾਨੀ, ਸਬਰ, ਪਿਆਰ, ਹੌਸਲਾ, ਸਫਾਈ ਤੇ ਨਿਰਪਖ ਸੇਵਾ ਦੀ ਭਾਵਨਾ ਦਾ ਸਬਕ ਸਿਖਾਉਂਦੀ ਹੈ।

ਜੀਵਾਂ ਦਾ ਪ੍ਰਕਿਰਤੀ ਨਾਲ ਰਿਸ਼ਤਾ ਕੇਵਲ ਸਰੀਰਕ ਹੀ ਨਹੀਂ ਆਤਮਕ ਵੀ ਹੈ। ਗੁਰੂ ਸਾਹਿਬਾਨ ਦੀ ਬਾਣੀ ਵਿੱਚ ਮਨੁੱਖ ਨੂੰ ਸਦਾ ਪ੍ਰਕਿਰਤੀ ਦੀ ਇੱਜ਼ਤ ਕਰਨ ਅਤੇ ਇਸ ਦੀ ਸੰਭਾਲ ਕਰਨ ਦੀ ਸਿੱਖਿਆ ਮਿਲਦੀ ਹੈ। ਆਧੁਨਿਕ ਦੁਨੀਆ ਵਿੱਚ ਜਿੱਥੇ ਵਾਤਾਵਰਨ ਪ੍ਰਦੂਸ਼ਣ, ਜੰਗਲਾਂ ਦੀ ਕਟਾਈ, ਪਾਣੀ ਦੀ ਕਮੀ ਅਤੇ ਗਲੋਬਲ ਵਾਰਮਿੰਗ ਵਧ ਰਹੀ ਹੈ, ਉੱਥੇ ਗੁਰਬਾਣੀ ਦੀ ਸਿੱਖਿਆ ਅਜੋਕੇ ਸਮਾਜ ਤੇ ਉਧਾਰ ਲਈ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ।

## ਵਾਤਾਵਰਨ ਸੰਭਾਲ ਦੀ ਲੋੜ

ਅੱਜਕਲ ਪੈਸਾ ਕਮਾਉਣ ਦੀ ਅੰਨ੍ਹੀ ਦੌੜ ਵਿੱਚ ਮਨੁੱਖ ਨੇ ਪ੍ਰਕਿਰਤੀ ਨਾਲ ਖਿਲਵਾੜ ਕੀਤੀ ਹੈ। ਦਰੱਖਤਾਂ ਦੀ ਬੇਲ-ਗਾਮ ਕਟਾਈ, ਨਦੀਆਂ ਦੇ ਗੰਦੇ ਹੋਣ, ਹਵਾ ਵਿੱਚ ਜ਼ਹਿਰੀਲੇ ਧੂੰਏ ਕਾਰਨ ਜੀਵਨ ਖਤਰੇ ਵਿੱਚ ਪੈ ਗਿਆ ਹੈ। ਗੁਰਬਾਣੀ ਸਾਨੂੰ ਸਧਾਰਨ ਜੀਵਨ, ਸੰਤੁਲਿਤ ਭੋਗ ਅਤੇ ਪ੍ਰਕਿਰਤੀ ਨਾਲ ਪਵਿੱਤਰ ਬਣਾਈ ਰੱਖਣ ਦੀ ਪ੍ਰੇਰਣਾ ਦਿੰਦੀ ਹੈ।

## ਗੁਰਬਾਣੀ ਦੇ ਅਮਲ ਨਾਲ ਵਾਤਾਵਰਨ ਦੀ ਰੱਖਿਆ

ਸਿਮਰਨ ਅਤੇ ਸ਼ੁਕਰਾਣਾ: ਗੁਰਬਾਣੀ ਸਾਨੂੰ ਸਿਖਾਉਂਦੀ ਹੈ ਕਿ ਧਰਤੀ ਤੇ ਜੋ ਕੁਝ ਹੈ, ਉਹ ਵਾਹਿਗੁਰੂ ਦੀ ਨੇਮਤ ਹੈ। ਇਸ ਲਈ ਹਰ ਚੀਜ਼ ਦੀ ਕਦਰ ਕਰਨੀ ਚਾਹੀਦੀ ਹੈ।

ਦਰੱਖਤ ਲਗਾਉਣਾ:

ਬਲਿਹਾਰੀ ਕੁਦਰਤਿ ਵਸਿਆ ॥

ਤੇਰਾ ਅੰਤੁ ਨ ਜਾਈ ਲਖਿਆ ॥੧॥

ਗੁਰਬਾਣੀ ਨੇ ਮਨੁੱਖ ਨੂੰ ਧਰਤੀ ਦੀ ਸੰਭਾਲ ਲਈ ਪ੍ਰੇਰਿਤ ਕੀਤਾ ਹੈ ਅਤੇ ਗੁਰਬਾਣੀ ਮਨੁੱਖ ਨੂੰ ਕੁਦਰਤ ਤੋਂ ਬਲਿਹਾਰੇ ਜਾਣ ਦੀ ਪ੍ਰੇਰਨਾ ਦਿੰਦੀ ਹੈ।

ਜੀਵ ਜੰਤੂਆਂ ਨਾਲ ਦਇਆ ਭਾਵਨਾ: ਗੁਰਬਾਣੀ ਦੱਸਦੀ ਹੈ ਕਿ ਹਰ ਜੀਵ ਵਿਚ ਵਾਹਿਗੁਰੂ ਦੀ ਜੋਤ ਵਿਅਪਕ ਹੈ। ਇਸ ਲਈ ਜੀਵ ਜੰਤੂਆਂ ਦੀ ਰੱਖਿਆ ਕਰਨੀ ਚਾਹੀਦੀ ਹੈ।



**ਸੁਰਿੰਦਰਪਾਲ ਸਿੰਘ**
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com